ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

**Awaze Qaum**

(ਯੂ. ਕੇ. ਤੋਂ ਪ੍ਰਕਾਸ਼ਿਤ)

https://youtu.be/LQwolgxDu7l

**International Daily Newspaper & WEB TV**

awazeqaumtvpunjab@gmail.com

ਸ਼ੁੱਕਰਵਾਰ, 26 ਦਸੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੧੨ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਸ਼ਹੀਦੀ ਹਫ਼ਤਾ (੧੨ ਪੋਹ)

ਸਿੱਖ ਧਰਮ ਵਿੱਚ 21 ਦਸੰਬਰ ਤੋਂ ਲੈ ਕੇ ਅਗਲਾ ਇੱਕ ਹਫ਼ਤਾ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਮਨਾਉਂਦੇ ਹਨ। ਇਸ ਇੱਕ ਹਫ਼ਤੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 21 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ 'ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰਾ ਹਫ਼ਤੇ ਵਿੱਚ ਕਿਸ ਦਿਨ ਕੀ ਹੋਇਆ, ਰੋਜ਼ਾਨਾ ਦੱਸ ਰਹੇ ਹਾਂ।



**ਮਾਤਾ ਗੁਜਰੀ** ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਂ ਨੇ ਕੈਦ ਕਰ ਲਿਆ ਸੀ। ਇਸ ਦਿਨ ਉਸਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਪੇਸ਼ੀ ਸੀ, ਜਿੱਥੇ ਵਜੀਰ ਖਾਨ ਨ ਛੋਟੇ ਸਾਹਿਬਜ਼ਾਦਿਆਂ ਨੂੰ ਬੇਹੱਦ ਡਰਾਇਆ-ਧਮਕਾਇਆ ਅਤੇ ਉਨ੍ਹਾਂ ਨੂੰ ਧਰਮ ਪਰਿਵਰਤਨ ਕਰਨ ਲਈ ਕਿਹਾ, ਪਰ ਛੋਟੇ ਸਾਹਿਬਜ਼ਾਦਿਆਂ ਨੇ ਬਹਾਦਰੀ ਨਾਲ ਜਵਾਬ ਦਿੰਦੇ ਹੋਏ ਕਿਹਾ ਕਿ 'ਅਸੀਂ ਗੋਬਿੰਦ ਸਿੰਘ ਦੇ ਬੇਟੇ ਹਾਂ। ਮਰ ਜਾਵਾਂਗੇ ਪਰ ਧਰਮ ਨਹੀਂ ਤਿਆਗਾਂਗੇ।' ਇਸ ਦੌਰਾਨ ਉਨ੍ਹਾਂ ਨੇ ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਲਗਾਏ, ਜਿਸਨੂੰ ਸੁਣ ਕੇ ਵਜ਼ੀਰ ਖਾਂ ਅਤੇ ਹੋਰ ਲੋਕ ਗੁੱਸੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਅਗਲੇ ਦਿਨ ਆਉਣ ਲਈ ਕਿਹਾ ਅਤੇ ਨਾਲ ਹੀ ਇਹ ਵੀ ਕਿਹਾ ਕਿ ਕਲ ਜਾਂ ਤਾਂ ਧਰਮ ਪਰਿਵਰਤਨ ਕਰੋ ਜਾਂ ਮਰਨ ਲਈ ਤਿਆਰ ਰਹੋ। ••

ਆਵਾਜ਼ਿ ਕੌਮ
AWAZE QAUM
International Newspaper & WEB TV

**Exclusive News**

## ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ



**ਸ੍ਰੀ ਫ਼ਤਿਹਗੜ੍ਹ ਸਾਹਿਬ , 25 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਅਤੇ ਗੁਰਦੁਆਰਾ ਬਾਬਾ ਮੋਤੀ ਰਾਮ ਮਹਿਰਾ ਵਿਖੇ ਨਤਮਸਤਕ ਹੋਏ। ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਕਾਰਜਕਾਰੀ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਵੀ ਮੌਜੂਦ ਰਹੇ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਫਤਿਹਗੜ੍ਹ ਸਾਹਿਬ ਦੇ ਮਹਾਨ ਸ਼ਹੀਦਾਂ ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਅਤੇ ਜਗਤ ਮਾਤਾ ਗੁਜਰੀ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਉਪਰੰਤ ਉਹ ਗੁਰਦੁਆਰਾ ਬਾਬਾ ਮੋਤੀ ਰਾਮ ਮਹਿਰਾ ਵਿਖੇ ਵੀ ਨਤਮਸਤਕ ਹੋਏ, ਜਿੱਥੇ ਬਾਬਾ ਮੋਤੀ ਰਾਮ ਮਹਿਰਾ ਟਰਸਟ ਦੇ ਚੇਅਰਮੈਨ ਨਿਰਮਲ ਸਿੰਘ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## ਕਰਨਾਟਕ : 21 ਦੀ ਹਾਲਤ ਗੰਭੀਰ

# ਬੱਸ ਨੂੰ ਅੱਗ ਲੱਗਣ ਕਾਰਨ ਜਿਉਂਦਾ ਸੜੇ 12 ਯਾਤਰੀ

**ਚਿੱਤਰਦੁਰਗਾ (ਕਰਨਾਟਕ), 25 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਕਰਨਾਟਕ ਦੇ ਚਿੱਤਰਦੁਰਗਾ ਜ਼ਿਲ੍ਹੇ ਵਿੱਚ ਰਾਸ਼ਟਰੀ ਰਾਜਮਾਰਗ 48 (ਐਨ. ਐਚ.-48) 'ਤੇ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ, ਜਿੱਥੇ ਇੱਕ ਨਿੱਜੀ ਸਲੀਪਰ ਬੱਸ ਇੱਕ ਲਾਰੀ ਨਾਲ ਟਕਰਾਉਣ ਤੋਂ ਬਾਅਦ ਅੱਗ ਦੀਆਂ ਲਪਟਾਂ ਵਿੱਚ ਘਿਰ ਗਈ। ਇਸ ਹਾਦਸੇ ਵਿੱਚ ਬਾਰਾਂ ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ 21 ਯਾਤਰੀ ਜ਼ਖਮੀ ਹੋ ਗਏ। ਇਹ ਹਾਦਸਾ ਚਿੱਤਰਦੁਰਗਾ ਜ਼ਿਲ੍ਹੇ ਦੇ ਹਿਰੀਯੂਰ ਖੇਤਰ ਵਿੱਚ ਐਨ. ਐਚ.-48 'ਤੇ ਵਾਪਰਿਆ। ਇੱਕ ਲਾਪਰਵਾਹੀ ਕਾਰਨ ਇੱਕ ਲਾਪਰਵਾਹੀ ਦਾ ਸ਼ਿਕਾਰ ਹੋ ਗਈ। ਟੱਕਰ ਤੋਂ ਤੁਰੰਤ ਬਾਅਦ, ਸਲੀਪਰ ਬੱਸ ਵਿੱਚ ਭਿਆਨਕ ਅੱਗ ਲੱਗ ਗਈ, ਜਿਸ ਵਿੱਚ 12 ਲੋਕਾਂ ਦੀ ਮੌਤ ਹੋ ਗਈ।ਇਸ ਹਾਦਸੇ ਵਿੱਚ 12 ਯਾਤਰੀ ਸੜ ਕੇ ਮਰ ਗਏ, ਜਦੋਂ ਕਿ ਕੰਟੇਨਰ ਡਰਾਈਵਰ ਦੀ ਵੀ ਮੌਕੇ 'ਤੇ ਹੀ ਮੌਤ ਹੋ ਗਈ। ਕੁਝ ਲੋਕ ਜ਼ਖਮੀ ਹੋ ਗਏ ਹਨ। ਬੱਸ ਵਿੱਚ 32 ਯਾਤਰੀ ਸਵਾਰ ਸਨ। ਇਹ ਹਾਦਸਾ ਰਾਸ਼ਟਰੀ ਰਾਜਮਾਰਗ 'ਤੇ ਵਾਪਰਿਆ, ਜਿੱਥੇ ਟੱਕਰ ਤੋਂ ਬਾਅਦ ਬੱਸ ਤੇਜ਼ੀ ਨਾਲ ਅੱਗ ਵਿੱਚ ਭੜਕ ਗਈ। ਬਹੁਤ ਸਾਰੇ ਯਾਤਰੀ ਸੌਂ ਰਹੇ ਸਨ, ਜਿਸ ਕਾਰਨ ਬਚਾਅ ਮੁਸ਼ਕਲ ਹੋ ਗਿਆ। ਇੱਕ ਜ਼ਖਮੀ ਯਾਤਰੀ ਨੂੰ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਅਤੇ ਉਸਦਾ ਇਲਾਜ ਚੱਲ ਰਿਹਾ ਹੈ। ਕੁਝ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਪੁਲਿਸ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਅੱਗ ਬੁਝਾਈ ਅਤੇ ਬਚਾਅ ਕਾਰਜ ਚਲਾਏ। ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਟੱਕਰ ਤੋਂ ਬਾਅਦ ਡੀਜ਼ਲ ਟੈਂਕ ਲੀਕ ਹੋਣ ਕਾਰਨ ਅੱਗ ਲੱਗੀ। ਮੁੱਖ ਮੰਤਰੀ ਨੇ ਸੰਵੇਦਨਾ ਪ੍ਰਗਟ ਕੀਤੀ ਅਤੇ ਜ਼ਖਮੀਆਂ ਲਈ ਇਲਾਜ ਦੇ ਆਦੇਸ਼ ਦਿੱਤੇ। ਮ੍ਰਿਤਕਾਂ ਦੇ ਪਰਿਵਾਰਾਂ ਲਈ ਸਰਕਾਰੀ ਸਹਾਇਤਾ ਦਾ ਐਲਾਨ ਕੀਤਾ ਗਿਆ ਹੈ। ਇੱਕ ਚਸ਼ਮਦੀਦ ਗਵਾਹ ਆਦਿਤਿਆ ਦੇ ਅਨੁਸਾਰ, "ਮੈਂ ਹਾਦਸੇ ਤੋਂ ਤੁਰੰਤ ਬਾਅਦ ਹੇਠਾਂ ਡਿੱਗ ਪਿਆ ਅਤੇ ਚਾਰੇ ਪਾਸੇ ਅੱਗ ਲੱਗੀ ਹੋਈ ਦੇਖੀ। ਦਰਵਾਜ਼ਾ ਨਹੀਂ ਖੁੱਲ੍ਹਿਆ, ਇਸ ਲਈ ਅਸੀਂ ਸ਼ੀਸ਼ਾ ਤੋੜ ਕੇ ਕਿਸੇ ਤਰ੍ਹਾਂ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ। ਉਸ ਸਮੇਂ ਲੋਕ ਚੀਕ ਰਹੇ ਸਨ। ਬਹੁਤ ਸਾਰੇ ਇੱਕ ਦੂਜੇ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਅੱਗ ਇੰਨੀ ਤੇਜ਼ੀ ਨਾਲ ਫੈਲ ਰਹੀ ਸੀ ਕਿ ਬਾਹਰ ਨਿਕਲਣਾ ਬਹੁਤ ਮੁਸ਼ਕਲ ਹੋ ਗਿਆ।"



## ਸਿੱਖ ਨੌਜਵਾਨ ਨੇ ਬਦਲਿਆ ਕੈਨੇਡਾ ਦਾ ਕਾਨੂੰਨ !



**ਟੋਰਾਂਟੋ, 25 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਵੜਿੰਗ ਨਾਲ ਸੰਬੰਧਿਤ ਇੱਕ ਅੰਮ੍ਰਿਤਧਾਰੀ ਸਿੱਖ ਨੌਜਵਾਨ ਨੇ ਆਪਣੀ ਸਿੱਖੀ ਸਿਦਕ ਅਤੇ ਅਡਿੱਗ ਸੋਚ ਨਾਲ ਕੈਨੇਡਾ ਦੇ ਕਾਨੂੰਨੀ ਇਤਿਹਾਸ ਵਿੱਚ ਨਵਾਂ ਅਧਿਆਇ ਲਿਖ ਦਿੱਤਾ ਹੈ। ਸਿੱਖੀ ਮਰਿਆਦਾ ਨਾਲ ਸਮਝੌਤਾ ਕਰਨ ਤੋਂ ਇਨਕਾਰ ਕਰਦੇ ਹੋਏ ਇਸ ਨੌਜਵਾਨ ਨੇ ਅਦਾਲਤੀ ਲੜਾਈ ਲੜੀ ਅਤੇ ਆਖਿਰਕਾਰ ਕਾਨੂੰਨ ਬਦਲਵਾਉਣ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਇਹ ਮਾਮਲਾ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਬਲਕਿ ਧਾਰਮਿਕ ਆਜ਼ਾਦੀ ਅਤੇ ਵਿਅਕਤੀਗਤ ਅਧਿਕਾਰਾਂ ਦੀ ਵੱਡੀ ਜਿੱਤ ਬਣ ਕੇ ਸਾਹਮਣੇ ਆਇਆ ਹੈ। ਇਸ ਫੈਸਲੇ ਤੋਂ ਬਾਅਦ ਨਾ ਸਿਰਫ਼ ਸਿੱਖ ਸਮੁਦਾਏ ਵਿੱਚ, ਸਗੋਂ ਪੂਰੇ ਕੈਨੇਡਾ ਵਿੱਚ ਚਰਚਾ ਦਾ ਮਾਹੌਲ ਬਣਿਆ ਹੋਇਆ ਹੈ। ਦੱਸ ਦਈਏ ਕਿ ਪੰਜਾਬ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਵੜਿੰਗ ਨਾਲ ਸੰਬੰਧਿਤ ਪ੍ਰਭਜੋਤ ਸਿੰਘ, ਜੋ ਕਿ ਸਾਲ 1987 ਵਿੱਚ ਕੈਨੇਡਾ ਵਿੱਚ ਜਨਮੇ ਸਨ, ਨੇ ਹਾਲ ਹੀ ਵਿੱਚ ਵਕਾਲਤ ਦੀ ਡਿਗਰੀ ਪ੍ਰਾਪਤ ਕੀਤੀ। ਕੈਨੇਡਾ ਵਿੱਚ ਵਕੀਲ ਵਜੋਂ ਪ੍ਰੈਕਟਿਸ ਕਰਨ ਤੋਂ ਬਾਅਦ ਵਕਾਲਤ ਕਰਨ ਲਈ ਕਾਨੂੰਨੀ ਤੌਰ 'ਤੇ ਰਾਜੇ ਕਿੰਗ ਚਾਰਲਸ ਪ੍ਰਤੀ ਸਹੁੰ ਚੁੱਕਣੀ ਲਾਜ਼ਮੀ ਸੀ। ਪਰ ਪ੍ਰਭਜੋਤ ਸਿੰਘ ਨੇ ਇਹ ਕਹਿ ਕੇ ਸਹੁੰ ਚੁੱਕਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹਨ ਅਤੇ ਆਪਣੇ ਗੁਰੂ ਤੋਂ ਉੱਪਰ ਕਿਸੇ ਹੋਰ ਨੂੰ ਨਹੀਂ ਮੰਨ ਸਕਦੇ। ਉਨ੍ਹਾਂ ਦਾ ਸਪਸ਼ਟ ਕਹਿਣਾ ਸੀ ਕਿ ਉਹ ਵਕਾਲਤ ਤਾਂ ਕਰਨਗੇ, ਪਰ ਆਪਣੀ ਸਿੱਖੀ ਸਿਦਕ ਦੇ ਖ਼ਿਲਾਫ਼ ਜਾ ਕੇ ਸਹੁੰ ਨਹੀਂ ਚੁੱਕਣਗੇ। ਇਸ ਮਾਮਲੇ ਨੂੰ ਲੈ ਕੇ ਪ੍ਰਭਜੋਤ ਸਿੰਘ ਨੇ ਪਹਿਲਾਂ ਸਾਲ ਹੇਠਲੀ ਅਦਾਲਤ ਵਿੱਚ ਅਪੀਲ ਕੀਤੀ, ਪਰ ਉੱਥੇ ਸਾਲ 2023 ਵਿੱਚ ਉਨ੍ਹਾਂ ਦੀ ਅਪੀਲ ਖ਼ਾਰਜ ਕਰ ਦਿੱਤੀ ਗਈ। ਇਸ ਤੋਂ ਬਾਅਦ ਪ੍ਰਭਜੋਤ ਸਿੰਘ ਨੇ ਮਾਣਯੋਗ ਸੁਪਰੀਮ ਕੋਰਟ ਆਫ਼ ਕੈਨੇਡਾ ਦਾ ਰੁਖ ਕੀਤਾ ਅਤੇ ਆਪਣੇ ਧਾਰਮਿਕ ਅਧਿਕਾਰਾਂ ਸਬੰਧੀ ਦਲੀਲਾਂ ਪੇਸ਼ ਕੀਤੀਆਂ। ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਮਾਣਯੋਗ ਅਦਾਲਤ ਨੇ ਸੁਣਵਾਈ ਦੌਰਾਨ 1912 ਤੋਂ ਚਲਦਾ ਆ ਰਿਹਾ ਉਸ ਕਾਨੂੰਨ ਨੂੰ ਹੀ ਬਦਲ ਦਿੱਤਾ, ਜਿਸ ਅਧੀਨ ਕਿਸੇ ਵੀ ਅਹੁਦੇ 'ਤੇ ਜਾਣ ਲਈ ਰਾਜੇ ਪ੍ਰਤੀ ਸਹੁੰ ਲਾਜ਼ਮੀ ਸੀ। ਅਦਾਲਤ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਹੁਣ ਕਿਸੇ ਵੀ ਵਿਅਕਤੀ ਨੂੰ ਕਿਸੇ ਅਹੁਦੇ ਜਾਂ ਪੇਸ਼ੇ ਲਈ ਕਿੰਗ ਚਾਰਲਸ ਰਾਜੇ ਦੀ ਸਹੁੰ ਚੁੱਕਣ ਲਈ ਮਜਬੂਰ ਨਹੀਂ ਕੀਤਾ ਜਾ ਸਕੇਗਾ। ਇਸ ਇਤਿਹਾਸਕ ਫੈਸਲੇ ਨਾਲ ਜਿੱਥੇ ਪ੍ਰਭਜੋਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵੱਡੀ ਰਾਹਤ ਮਿਲੀ ਹੈ, ਉੱਥੇ ਹੋਰਨਾਂ ਧਾਰਮਿਕ ਭਾਈਚਾਰਿਆਂ ਅਤੇ ਆਮ ਲੋਕਾਂ ਨੂੰ ਵੀ ਆਪਣੇ ਅਧਿਕਾਰਾਂ ਲਈ ਇੱਕ ਨਵਾਂ ਰਾਹ ਮਿਲਿਆ ਹੈ।

# ਸਿੱਖ ਕ੍ਰਿਸਮਸ ਨਹੀਂ, ਸ਼ਹੀਦੀ ਹਫਤਾ ਮਨਾਉਂਦੇ ਹਨ

ਇਸ ਹਫ਼ਤੇ ਜਿੱਥੇ ਹਰ ਪਾਸੇ ਕ੍ਰਿਸਮਸ ਦੀ ਧੂਮ ਹੈ, ਉਥੇ ਹੀ ਸਿੱਖ ਭਾਈਚਾਰੇ ਦੇ ਲੋਕ ਇਸਨੂੰ ਸ਼ਹੀਦੀ ਹਫ਼ਤੇ ਦੇ ਤੌਰ ’ਤੇ ਮਨਾਉਂਦੇ ਹਨ। ਇਸ ਇੱਕ ਹਫ਼ਤੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 21 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹਫ਼ਤੇ ਦੇ ਤੌਰ ’ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ ’ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰੇ ਹਫ਼ਤੇ ਵਿੱਚ ਕਿਸ ਦਿਨ ਕੀ ਹੋਇਆ, ਦੱਸ ਰਹੇ ਹਾਂ। - ਸਿਮਰਨਜੀਤ ਸਿੰਘ




**ਇਸ ਦਿਨ** ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਚਲੇ ਗਏ ਸਨ। ਅਚਾਨਕ ਮੁਗਲਾਂ ਦੀ ਵਿਸ਼ਾਲ ਸੈਨਾ ਨੇ ਆਨੰਦਪੁਰ ਸਾਹਿਬ ਕਿਲੇ ’ਤੇ ਹਮਲਾ ਕਰ ਦਿੱਤਾ ਸੀ। ਗੁਰੂ ਸਾਹਿਬ ਉਨ੍ਹਾਂ ਨਾਲ ਲੜਨਾ ਚਾਹੁੰਦੇ ਸਨ ਪਰ ਉਥੇ ਮੌਜੂਦ ਹੋਰ ਸਿੱਖਾਂ ਨੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ, ਜਿਸ ਤੋਂ ਬਾਅਦ ਗੁਰੂ ਗੋਬਿੰਦ ਸਾਹਿਬ ਨੇ ਆਪਣੇ ਪਰਿਵਾਰ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ। ••




**ਆਨੰਦਪੁਰ** ਸਾਹਿਬ ਦਾ ਕਿਲਾ ਛੱਡ ਕੇ ਗੁਰੂ ਸਾਹਿਬ ਜਦੋਂ ਪਰਿਵਾਰ ਸਮੇਤ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਪਾਣੀ ਦਾ ਵਹਾਅ ਇੰਨਾ ਤੇਜ਼ ਸੀ ਕਿ ਉਨ੍ਹਾਂ ਦਾ ਪੂਰਾ ਪਰਿਵਾਰ ਵਿਛੜ ਗਿਆ। ਵਿਛੜਨ ਤੋਂ ਬਾਅਦ ਗੁਰੂ ਸਾਹਿਬ ਆਪਣੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ ਚਮਕੌਰ ਪਹੁੰਚ ਗਏ। ਉਥੇ ਮਾਤਾ ਗੁਜਰੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਗੁਰੂ ਸਾਹਿਬ ਦਾ ਸੇਵਕ ਰਹਿ ਚੁੱਕਾ ਗੰਗੂ ਨਾਮਕ ਬ੍ਰਾਹਮਣ ਆਪਣੇ ਨਾਲ ਲੈ ਗਿਆ, ਪਰ ਉਸਨੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ ਇਸਦੀ ਸੂਚਨਾ ਦੇ ਦਿੱਤੀ। ਫਿਰ ਵਜ਼ੀਰ ਖ਼ਾਨ ਨੇ ਉਨ੍ਹਾਂ ਨੂੰ ਕੈਦ ਕਰ ਲਿਆ। ••




**ਇਸ ਦਿਨ** ਚਮਕੌਰ ਦਾ ਯੁੱਧ ਹੋਇਆ, ਜਿਸ ਵਿੱਚ ਮੁਗਲਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾ ਆਹਮਣੇ-ਸਾਹਮਣੇ ਸੀ। ਅਜਿਹਾ ਕਿਹ ਜਾਂਦਾ ਹੈ ਕਿ ਮੁਗਲਾਂ ਦੀ ਸੈਨਾ ਹਜ਼ਾਰਾਂ ਦੀ ਗਿਣਤੀ ਵਿੱਚ ਸੀ ਜਦਕਿ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀ। ਇਸਦੇ ਬਾਵਜੂਦ ਉਨ੍ਹਾਂ ਨੇ ਬਹਾਦਰੀ ਦਿਖਾਉਂਦੇ ਹੋਏ ਮੁਗਲਾਂ ਨਾਲ ਲੋਹਾ ਲਿਆ। ਯੁੱਧ ਵਿੱਚ ਆਪਣੇ ਸੈਨਿਕਾਂ ਨੂੰ ਸ਼ਹੀਦ ਹੁੰਦੇ ਦੇਖ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਉਹ ਯੁੱਧ ਵਿੱਚ ਜਾ ਕੇ ਕੌਮ ਦੇ ਲਈ ਲੜਨਾ ਚਾਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਆਗਿਆ ਦਿੰਦੇ ਹੋਏ ਯੁੱਧ ਵਿੱਚ ਉਤਾਰਿਆ, ਜਿਸ ਵਿੱਚ ਉਨ੍ਹਾਂ ਨੇ ਇੱਕ ਦੇ ਬਾਅਦ ਇੱਕ ਮੁਗਲ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦਰਮਿਆਨ ਉਹ ਖ਼ੁਦ ਵੀ ਸ਼ਹੀਦ ਹੋ ਗਏ। ਵੱਡੇ ਭਰਾ ਨੂੰ ਯੁੱਧ ਵਿੱਚ ਸ਼ਹੀਦ ਹੁੰਦਾ ਦੇਖ ਬਾਬਾ ਜੁਝਾਰ ਸਿੰਘ ਵੀ ਪਿਤਾ ਜੀ ਦੀ ਆਗਿਆ ਲੈ ਕੇ ਯੁੱਧ ਵਿੱਚ ਉਤਰੇ ਅਤੇ ਉਨ੍ਹਾਂ ਨੇ ਵੀ ਮੁਗਲੀਆ ਸੈਨਾ ਨਾਲ ਲੋਹਾ ਲਿਆ। ਛੋਟੀ ਜਿਹੀ ਉਮਰ ਵਿੱਚ ਉਨ੍ਹਾਂ ਨੇ ਕਈ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਉਹ ਵੀ ਸ਼ਹੀਦ ਹੋ ਗਏ। ਇਹ ਪੂਰਾ ਨਜ਼ਾਰਾ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਕਿਲੇ ਤੋਂ ਦੇਖ ਰਹੇ ਸਨ। ••




**ਸ੍ਰੀ ਗੁਰੂ** ਗੋਬਿੰਦ ਸਿੰਘ ਜੀ ਇਸ ਯੁੱਧ ਵਿੱਚ ਜਾਣਾ ਚਾਹੁੰਦੇ ਸਨ ਪਰ ਹੋਰ ਸਿੱਖਾਂ ਨੇ ਆਪਣੇ ਅਧਿਕਾਰਾਂ ਦਾ ਇਸਤੇਮਾਲਕਰਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਉਥੋਂ ਜਾਣ ਲਈ ਕਿਹਾ। ਗੁਰੂ ਸਾਹਿਬ ਇਸਨੂੰ ਮੰਨਣ ਨੂੰ ਤਿਆਰ ਨਹੀਂ ਸਨ ਪਰ ਹੋਰ ਸਿੱਖਾਂ ਦੇ ਅੱਗੇ ਉਨ੍ਹਾਂ ਨੂੰ ਮਜਬੂਰ ਹੋ ਕੇ ਉਥੋਂ ਜਾਣਾ ਪਿਆ। ਇਸ ਦਰਮਿਆਨ ਉਥੇ ਬਚੇ ਸਿੱਖਾਂ ਨੇ ਮੁਗਲੀਆ ਸੈਨਾ ਨਾਲ ਯੁੱਧ ਕੀਤਾ ਅਤੇ ਲੜਦੇ-ਲੜਦੇ ਸ਼ਹੀਦ ਹੋ ਗਏ। ••




**ਜਦੋਂ ਸ੍ਰੀ** ਗੁਰੂ ਗੋਬਿੰਦ ਸਿੰਘ ਜੀ ਇੱਕ ਪਿੰਡ ਪਹੁੰਚੇ ਤਾਂ ਉਥੇ ਉਨ੍ਹਾਂ ਨੂੰ ਬੀਬੀ ਹਰਸ਼ਰਨ ਕੌਰ ਮਿਲੀ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਆਦਰਸ਼ ਮੰਨਦੀ ਸੀ। ਉਨ੍ਹਾਂ ਨੇ ਸਾਹਿਬਜ਼ਾਦਿਆਂ ਬਾਰੇ ਪੁੱਛਿਆ, ਤਦ ਉਨ੍ਹਾਂ ਦੀ ਸ਼ਹੀਦੀ ਬਾਰੇ ਪਤਾ ਲੱਗਾ। ਇਹ ਸੁਣ ਕੇ ਬੀਬੀ ਹਰਸ਼ਰਨ ਕੌਰ ਤੁਰੰਤ ਚਮਕੌਰ ਪਹੁੰਚੀ, ਜਿੱਥੇ ਉਨ੍ਹਾਂ ਨੇ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਨੂੰ ਦੇਖਿਆ। ਮੁਗਲ ਚਾਹੁੰਦੇ ਸਨ ਕਿ ਇਨ੍ਹਾਂ ਦਾ ਅੰਤਿਮ ਸੰਸਕਾਰ ਨਾ ਕੀਤਾ ਜਾ ਸਕੇ ਅਤੇ ਚੀਲਾਂ, ਗਿੱਧ ਇਨ੍ਹਾਂ ਨੂੰ ਖਾਣ, ਪਰ ਬੀਬੀ ਹਰਸ਼ਰਨ ਕੌਰ ਨੇ ਉਥੇ ਪਹੁੰਚ ਕੇ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕੀਤਾ। ਇਹ ਸਭ ਮੁਗਲ ਸੈਨਾ ਨੇ ਦੇਖ ਲਿਆ। ਉਨ੍ਹਾਂ ਨੇ ਬੀਬੀ ਹਰਸ਼ਰਨ ਕੌਰ ਨੂੰ ਗੁਰੂ ਸਾਹਿਬ ਬਾਰੇ ਪੁੱਛਿਆ ਪਰ ਉਨ੍ਹਾਂ ਕੁਝ ਨਹੀਂ ਦੱਸਿਆ, ਇਸ ਤੋਂ ਬਾਅਦ ਮੁਗਲਾਂ ਨੇ ਉਨ੍ਹਾਂ ਨੂੰ ਵੀ ਅੱਗ ਵਿੱਚ ਧਕੇਲ ਦਿੱਤਾ ਅਤੇ ਉਹ ਸ਼ਹੀਦ ਹੋ ਗਈ। ••




**ਮਾਤਾ ਗੁਜਰੀ** ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਂ ਨੇ ਕੈਦ ਕਰ ਲਿਆ ਸੀ। ਇਸ ਦਿਨ ਉਸਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਪੇਸ਼ੀ ਸੀ, ਜਿੱਥੇ ਵਜੀਰ ਖਾਨ ਨ ਛੋਟੇ ਸਾਹਿਬਜ਼ਾਦਿਆਂ ਨੂੰ ਬੇਹੱਦ ਡਰਾਇਆ-ਧਮਕਾਇਆ ਅਤੇ ਉਨ੍ਹਾਂ ਨੂੰ ਧਰਮ ਪਰਿਵਰਤਨ ਕਰਨ ਲਈ ਕਿਹਾ, ਪਰ ਛੋਟੇ ਸਾਹਿਬਜ਼ਾਦਿਆਂ ਨੇ ਬਹਾਦਰੀ ਨਾਲ ਜਵਾਬ ਦਿੰਦੇ ਹੋਏ ਕਿਹਾ ਕਿ ‘ਅਸੀਂ ਗੋਬਿੰਦ ਸਿੰਘ ਦੇ ਬੇਟੇ ਹਾਂ। ਮਰ ਜਾਵਾਂਗੇ ਪਰ ਧਰਮ ਨਹੀਂ ਤਿਆਗਾਂਗੇ।’ ਇਸ ਦੌਰਾਨ ਉਨ੍ਹਾਂ ਨੇ ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਲਗਾਏ, ਜਿਸਨੂੰ ਸੁਣ ਕੇ ਵਜ਼ੀਰ ਖਾਂ ਅਤੇ ਹੋਰ ਲੋਕ ਗੁੱਸੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਅਗਲੇ ਦਿਨ ਆਉਣ ਲਈ ਕਿਹਾ ਅਤੇ ਨਾਲ ਹੀ ਇਹ ਵੀ ਕਿਹਾ ਕਿ ਕਲ ਜਾਂ ਤਾਂ ਧਰਮ ਪਰਿਵਰਤਨ ਕਰੋ ਜਾਂ ਮਰਨ ਲਈ ਤਿਆਰ ਰਹੋ। ••




**ਠੰਡੇ ਬੁਰਜ** ਵਿੱਚ ਕੈਦ ਸਾਹਿਬਜ਼ਾਦਿਆਂ ਦੀ ਦਾਦੀ ਮਾਤਾ ਗੁਜਰੀ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਬੇਹੱਦ ਪਿਆਰ ਨਾਲ ਤਿਆਰ ਕਰਕੇ ਦੋਬਾਰਾ ਸੂਬੇ ਦੀ ਕਚਹਿਰੀ ਵਿੱਚ ਭੇਜਿਆ। ਇੱਥੇ ਇੱਕ ਵਾਰ ਫਿਰ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਲਈ ਕਿਹਾ ਪਰ ਸਾਹਿਬਜ਼ਾਦਿਆਂ ਨੇ ਫਿਰ ਮਨਾ ਕਰ ਦਿੱਤਾ। ਇੱਕ ਵਾਰ ਫਿਰ ਜੈਕਾਰੇ ਲੱਗਣ ਲੱਗੇ। ਇਹ ਸੁਣ ਵਜ਼ੀਰ ਖ਼ਾਨ ਤਿਲਮਿਲਾ ਉੱਠਿਆ ਅਤੇ ਉਸਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿੱਚ ਚਿਣਵਾਉਣ ਦਾ ਹੁਕਮ ਦੇ ਦਿੱਤਾ। ਇਹ ਸੁਣਕੇ ਵੀ ਛੋਟੇ ਸਾਹਿਬਜਦਿਆਂ ਦਾ ਹੌਸਲਾ ਨਹੀਂ ਡਗਮਗਾਇਆ। ਇਸ ਤਰ੍ਹਾਂ ਵਜ਼ੀਰ ਖ਼ਾਨ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰ ਕਰਵਾ ਦਿੱਤਾ। ਜਿਉਂ ਹੀ ਮਾਤਾ ਗੁਜਰੀ ਜੀ ਤੱਕ ਇਹ ਖ਼ਬਰ ਪਹੁੰਚੀ, ਉਨ੍ਹਾਂ ਨੇ ਵੀ ਪ੍ਰਾਣ ਤਿਆਗ ਦਿੱਤੇ ਅਤੇ ਇਸ ਇੱਕ ਦਿਨ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ••




**ਵਜ਼ੀਰ ਖ਼ਾਨ** ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸੰਸਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ, ਪਰ ਦੀਵਾਨ ਟੋਡਰ ਮੱਲ ਨੇ ਵਜ਼ੀਰ ਖ਼ਾਨ ਤੋਂ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਨ ਦੀ ਇਜਾਜ਼ਤ ਮੰਗੀ। ਵਜ਼ੀਰ ਖ਼ਾਨ ਨੇ ਟੋਡਰਮੱਲ ਅੱਗੇ ਸ਼ਰਤ ਰੱਖੀ ਕਿ ਉਹ ਜਿੰਨੀ ਜਗ੍ਹਾ ’ਤੇ ਸੰਸਕਾਰ ਕਰਨਾ ਚਾਹੁੰਦਾ ਹੈ, ਉਨੀ ਜਗ੍ਹਾ ’ਤੇ ਸੋਨੇ ਦੀਆਂ ਮੋਹਰਾਂ ਵਿਛਾ ਦੇਵੇ। ਇਹ ਸੁਣਕੇ ਟੋਡਰਮੱਲ ਨੇ ਉਸ ਪੂਰੇ ਹਿੱਸੇ ’ਤੇ ਸੋਨੇ ਦੀਆਂ ਮੋਹਰਾਂ ਵਿਛਾ ਕੇ ਜ਼ਮੀਨ ਲੈ ਲਈ ਅਤੇ ਮਾਤਾ ਗੁਜਰੀ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕਰ ਦਿੱਤਾ। ••

ਆਵਾਜ਼ਿ ਕੌਮ AWAZE QAUM
International Newspaper & WEB TV

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net



ਧੁਰ ਕੀ ਬਾਣੀ ਸਬਦੁ ਸਚੀ ਟਕਸਾਲ ॥ ਦਮਦਮੀ ਟਕਸਾਲ

ਨਾਮ ਜਪੋ ਕਿਰਤ ਕਰੋ ਵੰਡ ਛਕੋ — Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਸੰਤ ਗਿਆਨੀ ਗੁਰਬਚਨ ਸਿੰਘ ਜੀ

ਖਾਲ਼ਸਾ ਮੈਮੋਰੀਅਲ ਹਸਪਤਾਲ



ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।

+91 98767-50784 +91 98767-50784

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ

ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ

ਮਹਿਤਾ ਚੌਂਕ, ਅੰਮ੍ਰਿਤਸਰ

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★









0784 102 9416

SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.

ਆਵਾਜ਼ਿ ਕੌਮ
AWAZE QAUM
International Newspaper & WEB TV





# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway
Crossing, Maqsudan
Jalandhar-144 008

**Contact :**
**98150-83338**
**70879-59639**




ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'





# ਸਰਕਾਰੀ ਸਕੂਲ ਜੋਹਲ ਰਾਜ ਸਿੰਘ ਦੇ ਵਿਦਿਆਰਥੀਆਂ ਨੂੰ ਗਰਮ ਕੋਟੀਆਂ ਵੰਡੀਆਂ ਗਈਆਂ

**ਚੌਕ ਮਹਿਤਾ, 24 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**- ਸਵ; ਮਾਸਟਰ ਸ੍ਰ: ਚਰਨਜੀਤਸਿੰਘ ਜੀ ਦੀ ਯਾਦ ਵਿੱਚ ਪਿੰਡ ਜੌਹਲ ਰਾਜੂਸਿੰਘ ਵਿਖੇ ਸਰਕਾਰੀ ਮਿਡਲ ਸਕੂਲ, ਸਰਕਾਰੀ ਐਲੀਮੈਟਰੀ ਸਕੂਲ, ਆਗਨਵਾੜੀ ਸੈਟਰ , ਦੇ 170 ਵਿਦਿਆਰਥੀਆ ਨੂੰ ਕੋਟੀਆ ਅਤੇ ਮਿਡ ਡੇ ਮੀਲ ਵਰਕਰਾ , ਸਫਾਈ ਕਰਮਚਾਰਨਾ ਨੂੰ ਸ਼ਾਲ ਦਿੱਤੇ ਗਏ। ਇਸ ਮੌਕੇ ਅਮਨ ਥਰੀਏਵਾਲ ਨੇ ਬੋਲਦੇ ਹੋਏ ਕਿਹਾ ਕਿ ਇਹ ਮੇਰਾ ਜੱਦੀ ਪਿੰਡ ਹੈ ਮੈ ਇਸ ਸਕੂਲ ਵਿੱਚ ਪੰਜਵੀ ਜਮਾਤ ਤੱਕ ਪੜਦਾ ਰਿਹਾ ਹਾ ਇਸ ਸਕੂਲ ਅਤੇ ਪਿੰਡ ਨਾਲ ਮੇਰੀਆ ਬਹੁਤ ਪੁਰਾਣੀਆ ਯਾਦਾ ਜੁੜੀਆ ਹਨ ਸਕੂਲ ਨੂੰ ਕਿਸੇ ਵੀ ਤਰਾ ਦੀ ਚੀਜ ਦੀ ਲੋੜ ਹੋਵੇ ਤਾ ਮੈਨੂੰ ਦੱਸੀ ਜਾਵੇ ਉਹ ਪੂਰੀ ਕੀਤੀ ਜਾਵੇਗੀ ਮੇਰੇ ਪਿਤਾ ਜੀ ਸਵਰਗਵਾਸੀ ਮਾਸਟਰ ਚਰਨਜੀਤਸਿੰਘ ਜੀ ਦੀ ਯਾਦ ਵਿੱਚ ਉਹਨਾ ਦੀ ਧਰਮ ਪਤਨੀ ਸ਼੍ਰੀ ਮਤੀ ਦਰਸ਼ਨ ਕੌਰ, ਭਰਾ ਸ਼੍ਰੀ ਰੂਪਲਾਲ ਅਤੇ ਸਪੁੱਤਰ ਸ਼੍ਰੀ ਅਮਨ ਬਰੀਏਵਾਲ ਨੇ ਉਹਨਾ ਦੇ ਜੱਦੀ ਪਿੰਡ ਜੋਹਲ ਰਾਜੂਸਿੰਘ ਵਿਖੇ ਸਕੂਲ ਦੇ ਸਮੂਹ ਵਿਦਿਆਰਥੀਆ ਨੂੰ ਕੋਟੀਆ ਵੰਡੀਆ ਗਈਆ ਇਸ ਮੌਕੇ ਉਹਨਾ ਨਾਲ ਪਹੁੰਚੇ ਤਜਿੰਦਰਪਾਲਸਿੰਘ,ਰਕੇਸ਼ ਕੁਮਾਰ,ਤਰਸੇਮਸਿੰਘ,ਗੁਰਲਾਲਸਿੰਘ,ਨੂੰ ਸਕੂਲ ਦੇ ਹੈਡ ਟੀਚਰ ਮੈਡਮ ਪ੍ਰਭਜੋਤਕੌਰ ਐਲੀਮੈਟਰੀ ਸਕੂਲ ਦੇ ਇੰਚਾਰਜ ਮੈਡਮ ਗੀਨਾ ਕੁਮਾਰੀ ,ਸਰ ਮਨਦੀਪਸਿੰਘ,ਸਰ ਬਖਸ਼ੀਸ਼ਸਿੰਘ,ਮੈਡਮ ਸੁਖਬੀਰਕੌਰ, ਸਰ ਮਹਿੰਦਰਪਾਲ, ਸਰਪੰਚ ਸ੍ਰ: ਗੁਰਨਾਮ ਸਿੰਘ ਅਤੇ ਸਮੂਹ ਪੰਚਾਇਤ ਮੈਬਰਾ ਨੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV





ਪਹਿਲਵਾਨ ਸੰਤ ਰਾਮ ਜੀ
ਡੇਰਾ ਮਾਤਾ ਪੰਜਾਬ ਕੌਰ

ਸ਼ਹੀਦ ਬਾਬਾ ਸੁਖਚੇਤ ਸਿੰਘ ਜੀ ਦੇ ਸ਼ਹੀਦੀ ਅਸਥਾਨਾਂ 'ਤੇ ਸਵ: ਸ. ਨਾਜਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ

# 59ਵਾਂ ਸਲਾਨਾ ਛਿੰਝ ਮੇਲਾ ਢੰਡੋਵਾਲ

## 14 ਜਨਵਰੀ 2026 ਬੁੱਧਵਾਰ
ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)

## ਪਟਕੇ ਦੀ ਕੁਸ਼ਤੀ



ਭੁਪਿੰਦਰ ਅਜਨਾਲਾ (ਭਾਰਤ ਕੇਸਰੀ)



ਸੈਫ ਅਲੀ ਫਗਵਾੜਾ

VS



ਗੌਰਵ ਅਜਨਾਲਾ



ਸੋਨੀ ਸਿਉੜਾ ਪੰਜਾਬ ਕੇਸਰੀ

VS



ਸੁਰਿੰਦਰ ਚੁੰਮਾ ਸ਼ਾਹਕੋਟ



ਜਲਾਲ ਇਰਾਨੀ (ਏਸ਼ੀਅਨ ਚੈਂਪੀਅਨ)

ਨੋਟ: ਸਿਰਫ਼ ਸੱਦੇ ਹੋਏ ਅਖਾੜਿਆਂ ਦੇ ਪਹਿਲਵਾਨਾਂ ਦੀਆਂ ਹੀ ਕੁਸ਼ਤੀਆਂ ਹੋਣਗੀਆਂ।

## ਸ਼ਹੀਦਾਂ ਦੀ ਯਾਦ 'ਚ ਅਤੇ ਭਲਵਾਨਾਂ ਦੀ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਇੰਗਲੈਂਡ ਨਿਵਾਸੀ ਸ. ਜੋਗਿੰਦਰ ਸਿੰਘ ਢੰਡੋਵਾਲ ਦੇ ਪਰਿਵਾਰ ਵੱਲੋਂ ਹੋਵੇਗੀ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ 12 ਜਨਵਰੀ, 2026 (ਦਿਨ ਸੋਮਵਾਰ) ਸਵੇਰੇ 10.00 ਵਜੇ ਨੂੰ ਹੋਵੇਗੀ, ਜਿਨ੍ਹਾਂ ਦੇ ਭੋਗ 14 ਜਨਵਰੀ, 2026 (ਦਿਨ ਬੁੱਧਵਾਰ) ਨੂੰ ਸਵੇਰੇ 10.00 ਵਜੇ ਪਾਏ ਜਾਣਗੇ। ਅਰਦਾਸ ਉਪਰੰਤ ਦੀਵਾਨ ਸਜਣਗੇ, ਜਿਸ ਦੌਰਾਨ ਪੰਥ ਪ੍ਰਸਿੱਧ ਰਾਗੀ-ਢਾਡੀ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਛਿੰਝ ਦੌਰਾਨ ਭਲਵਾਨ ਆਪਣੀ ਭਲਵਾਨੀ ਦੇ ਜੌਹਰ ਦਿਖਾਉਣਗੇ।

ਛਿੰਝ ਮੇਲੇ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।

**ਸਮੂਹ ਇਲਾਕਾਵਸੀਆਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ**

## ਵੱਲੋਂ: ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)

ਸੰਪਰਕ: (ਨਛੱਤਰ ਸਿੰਘ ਸੱਤੀ) 98151-02950, 82840-32366 (ਬਲਿਹਾਰ ਸਿੰਘ ਨੰਬਰਦਾਰ), (ਜੀਤ ਸਿੰਘ) 92573-40139

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਅੰਮ੍ਰਿਤ ਸੰਚਾਰ

## 27 ਦਸੰਬਰ 2025

ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਰਿਵਾਰ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਹੋਵੇਗਾ

ਸ਼ਨਿੱਚਰਵਾਰ 27 ਦਸੰਬਰ ਬਾਅਦ ਦੁਪਹਿਰ 2 ਵਜੇ ਅੰਮ੍ਰਿਤ ਦਾ ਬਾਟਾ ਤਿਆਰ ਹੋਵੇਗਾ।



ਕੱਕਾਰਾਂ ਦੀ ਸੇਵਾ ਗੁਰਦੁਆਰਾ ਸਾਹਿਬ ਜੀ ਵੱਲੋਂ ਭੇਟਾਂ ਰਹਿਤ ਦਿੱਤੇ ਜਾਣਗੇ।

ਅੰਮ੍ਰਿਤ ਛਕਣ ਵਾਲੀ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ 2 ਘੰਟੇ ਪਹਿਲਾਂ 12 ਵਜੇ ਪਹੁੰਚਣ ਦੀ ਕਿਰਪਾਲਤਾ ਕਰਨੀ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਮਹਿਤਾ ਤੋਂ ਮਹਾਨ ਨਗਰ ਕੀਰਤਨ ਸਜਾਇਆ ਗਿਆ

## ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਮੁਖੀ ਦਮਦਮੀ ਟਕਸਾਲ, ਮਹਾਂਪੁਰਸ਼ਾਂ ਦੀ ਅਗਵਾਈ ਹੇਠ ਗੁਰੂ ਕੀ ਲਾਡਲੀ ਫੌਜ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੀ ਸੰਗਤ ਨੇ ਸ਼ਰਧਾ ਸਹਿਤ ਹਾਜ਼ਰੀ ਭਰੀ



















(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)



**ਚੌਂਕ ਮਹਿਤਾ, 25 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਜਥੇਬੰਦੀ ਦੇ ਬਾਨੀ, ਦਸਵੇਂ ਪਾਤਸ਼ਾਹ ਧੰਨ ਧੰਨ ਸਾਹਿਬ ਸਤਿਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਾਵਨ ਅਵਤਾਰ (ਪ੍ਰਕਾਸ਼) ਗੁਰਪੁਰਬ ਨੂੰ ਸਮਰਪਿਤ ਸਾਲਾਨਾ ਮਹਾਨ ਨਗਰ ਕੀਰਤਨ ਅੱਜ ਮਿਤੀ 25 ਦਸੰਬਰ 2025 ਨੂੰ ਦਮਦਮੀ ਟਕਸਾਲ ਦੇ ਹੈੱਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਮਹਿਤਾ ਤੋਂ ਬੜੀ ਚੜ੍ਹਦੀਕਲਾ, ਅਤੁੱਟ ਸ਼ਰਧਾ ਅਤੇ ਖ਼ਾਲਸਾਈ ਜੋਸ਼ ਨਾਲ ਸਜਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਪਾਵਨ ਮੌਕੇ 'ਤੇ ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਮੁਖੀ ਦਮਦਮੀ ਟਕਸਾਲ, ਮਹਾਂਪੁਰਸ਼ਾਂ ਦੀ ਅਗਵਾਈ ਹੇਠ ਗੁਰੂ ਕੀ ਲਾਡਲੀ ਫੌਜ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੀ ਸੰਗਤ ਨੇ ਸ਼ਰਧਾ ਸਹਿਤ ਹਾਜ਼ਰੀ ਭਰੀ। ਨਗਰ ਕੀਰਤਨ ਦੌਰਾਨ ਪੰਜ ਪਿਆਰੇ ਸਹਿਬਾਨ ਦੀ ਅਗਵਾਈ ਹੇਠ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਛਤਰ-ਛਾਇਆ ਹੇਠ ਸ਼ਬਦ ਕੀਰਤਨ, ਗੁਰਬਾਣੀ ਦੇ ਜਾਪ ਅਤੇ ਧਾਰਮਿਕ ਜੈਕਾਰਿਆਂ ਨਾਲ ਪੂਰਾ ਇਲਾਕਾ ਗੂੰਜ ਉਠਿਆ।

ਨਗਰ ਕੀਰਤਨ ਵਿੱਚ ਨਿਹੰਗ ਸਿੰਘ ਜਥੇਬੰਦੀਆਂ, ਗਤਕਾ ਪਾਰਟੀਆਂ, ਕੀਰਤਨੀ ਜਥੇ ਅਤੇ ਸੈਂਕੜਿਆਂ ਦੀ ਗਿਣਤੀ ਵਿੱਚ ਸਜੀਆਂ ਹੋਈਆਂ ਟੋਲੀਆਂ ਸ਼ਾਮਿਲ ਹੋਈਆਂ, ਜਿਨ੍ਹਾਂ ਨੇ ਗੁਰੂ ਸਾਹਿਬ ਦੀ ਜੀਵਨ ਜੋਤ ਅਤੇ ਖ਼ਾਲਸਾ ਪੰਥ ਦੀ ਮਹਾਨ ਵਿਰਾਸਤ ਨੂੰ ਜਨਤਾ ਸਾਹਮਣੇ ਪ੍ਰਗਟ ਕੀਤਾ। ਰਸਤੇ ਭਰ ਸੰਗਤਾਂ ਵੱਲੋਂ ਚਾਹ-ਪਾਣੀ, ਲੰਗਰ ਅਤੇ ਮਿੱਠੇ ਪਦਾਰਥਾਂ ਦੇ ਸਟਾਲ ਲਗਾ ਕੇ ਨਿਸ਼ਕਾਮ ਸੇਵਾ ਕੀਤੀ ਗਈ।

ਇਸ ਅਵਸਰ 'ਤੇ ਸੰਤ ਮਹਾਂਪੁਰਸ਼ਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਗੁਰਬਾਣੀ ਕਥਾ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਗਿਆ। ਉਨ੍ਹਾਂ ਵੱਲੋਂ ਗੁਰੂ ਸਾਹਿਬ ਜੀ ਦੁਆਰਾ ਖ਼ਾਲਸਾ ਪੰਥ ਨੂੰ ਬਖ਼ਸ਼ੇ ਅਮਰ ਸਿਧਾਂਤਾਂ, ਧਰਮ ਦੀ ਰੱਖਿਆ ਅਤੇ ਸੱਚ ਦੇ ਮਾਰਗ 'ਤੇ ਡਟ ਕੇ ਚਲਣ ਦਾ ਸੰਦੇਸ਼ ਦਿੱਤਾ ਗਿਆ ਅਤੇ ਸੰਗਤ ਨੂੰ ਗੁਰਮਤ ਜੀਵਨ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।

ਇਹ ਮਹਾਨ ਨਗਰ ਕੀਰਤਨ ਪੂਰਨ ਸ਼ਾਂਤੀ, ਸਤਿਕਾਰ ਅਤੇ ਖ਼ਾਲਸਾਈ ਮਰਯਾਦਾ ਅਨੁਸਾਰ ਸੰਪੰਨ ਹੋਇਆ।





## ਦਮਦਮੀ ਟਕਸਾਲ ਤੋਂ ਜੈਕਾਰਿਆਂ ਦੀ ਗੂੰਜ 'ਚ ਅਤੇ

# ਫੁੱਲਾਂ ਦੀ ਵਰਖਾ ਨਾਲ ਸਜਿਆ ਮਹਾਨ ਨਗਰ ਕੀਰਤਨ

### ਨਗਰ ਕੀਰਤਨ ਦੌਰਾਨ ਪੰਜ ਪਿਆਰੇ ਸਹਿਬਾਨ ਦੀ ਅਗਵਾਈ ਹੇਠ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਛਤਰ-ਛਾਇਆ ਹੇਠ ਸ਼ਬਦ ਕੀਰਤਨ, ਗੁਰਬਾਣੀ ਦੇ ਜਾਪ ਅਤੇ ਧਾਰਮਿਕ ਜੈਕਾਰਿਆਂ ਨਾਲ ਪੂਰਾ ਇਲਾਕਾ ਗੂੰਜ ਉਠਿਆ























ਚੌਂਕ ਮਹਿਤਾ, 25 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)-ਦਮਦਮੀ ਟਕਸਾਲ ਦੇ ਬਾਨੀ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਪਾਵਨ ਅਵਤਾਰ ਗੁਰਪੁਰਬ ਨੂੰ ਸਮਰਪਿਤ ਸਾਲਾਨਾ ਮਹਾਨ ਨਗਰ ਕੀਰਤਨ ਅੱਜ ਦਮਦਮੀ ਟਕਸਾਲ (ਜਥਾ ਭਿੰਡਰਾਂ ਮਹਿਤਾ) ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਦੀ ਰਹਿਨੁਮਾਈ ਹੇਠ ਟਕਸਾਲ ਦੇ ਹੈਡਕੁਆਰਟਰ ਗੁਰੂਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪੂਰੇ ਖਾਲਸਾਈ ਜਾਹੋ ਜਲਾਲ ਜੈਕਾਰਿਆਂ ਦੀ ਗੂੰਜ ਅਤੇ ਫੁੱਲਾਂ ਦੀ ਵਰਖਾ ਨਾਲ ਸਜਾਇਆ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜੇ ਇਸ ਨਗਰ ਕੀਰਤਨ ਦਾ ਖਾਲਸਾ ਅਕੈਡਮੀ ਮਹਿਤਾ ਵਿਖੇ ਖਾਲਸਾ ਕਾਲਜ, ਖਾਲਸਾ ਹਸਪਤਾਲ ਤੇ ਖਾਲਸਾ ਨਰਸਿੰਗ ਕਾਲਜ ਦੇ ਸਟਾਫ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਨਿੱਘਾ ਸਵਾਗਤ ਕੀਤਾ ਗਿਆ। ਜੈਕਾਰਿਆਂ ਦੀ ਗੂੰਜ਼ ਵਿਚ ਅਗਲੇ ਪੜਾਅ ਲਈ ਰਵਾਨਾ ਹੋਏ ਪਾਲਕੀ ਸਾਹਿਬ ਦੇ ਅੱਗੇ ਦਮਦਮੀ ਟਕਸਾਲ ਦੇ ਸਿੰਘ "ਗੱਤਕਾ" ਖੇਡਦੇ ਨਜਰ ਆਏ, ਪਿੱਛੇ ਸੈਕੜਿਆਂ ਦੀ ਗਿਣਤੀ ਵਿਚ ਸੰਗਤਾਂ ਸ਼ਰਧਾ ਨਾਲ "ਸਤਿਨਾਮ ਵਾਹਿਗੁਰੂ" ਦਾ ਜਾਪ ਕਰ ਰਹੀਆਂ ਸਨ। ਬੱਸਾਂ, ਟਰੱਕਾਂ, ਟਰੈਕਟਰਾਂ, ਕਾਰਾਂ ਅਤੇ ਮੋਟਰਸਾਇਕਲਾਂ ਉੱਤੇ ਪਹੁੰਚੀ ਸੰਗਤ ਦਾ ਕਈ ਕਿਲੋਮੀਟਰ ਲੰਬਾ ਕਾਫ਼ਲਾ ਪਾਲਕੀ ਸਾਹਿਬ ਦੇ ਮਗਰ ਚਲਦਾ ਰਿਹਾ। ਰਸਤੇ ਵਿਚ ਸੰਗਤ ਦੇ ਛਕਣ ਲਈ ਸੇਵਾਦਾਰਾਂ ਦੇ ਵੱਲੋਂ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਗਿਆਨੀ ਸਾਹਿਬ ਸਿੰਘ, ਜੱਥੇ ਅਜੀਤ ਸਿੰਘ ਮੁਖੀ ਤਰਨਾਦਲ ਮਹਿਤਾ, ਜੱਥੇ ਬਾਬਾ ਬੋਹੜ ਸਿੰਘ, ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਹੈਡ ਗ੍ਰੰਥੀ ਗਿਆਨੀ ਗੁਰਦੀਪ ਸਿੰਘ, ਪ੍ਰੋ ਗਿਆਨੀ ਜੋਬਨਜੀਤ ਸਿੰਘ, ਭਾਈ ਚਰਨਜੀਤ ਸਿੰਘ, ਪ੍ਰਿੰ. ਡਾਕਟਰ ਜਤਿੰਦਰ ਸ਼ਰਮਾ, ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾਂ, ਭਾਈ ਪ੍ਰਕਾਸ਼ ਸਿੰਘ, ਰਜਿੰਦਰ ਸਿੰਘ ਸ਼ਾਹ ਮਹਿਤਾ, ਸਾਬਕਾ ਸਰਪੰਚ ਕਸ਼ਮੀਰ ਸਿੰਘ ਕਾਲਾ, ਜੱਥੇ ਰਾਜਬੀਰ ਸਿੰਘ ਉਦੋਨੰਗਲ, ਚੇਅਰਮੈਨ ਲਖਵਿੰਦਰ ਸਿੰਘ ਖਾਲਸਾ, ਸਰਪੰਚ ਰਜਿੰਦਰ ਸਿੰਘ ਉਦੋਨੰਗਲ, ਗੁਰਮੁਖ ਸਿੰਘ ਸਾਹਿਬ, ਸਰਪੰਚ ਗੁਰਮੇਜ ਸਿੰਘ ਉਦੋਨੰਗਲ, ਚੇਅਰਮੈਨ ਕੰਵਰਦੀਪ ਸਿੰਘ ਮਾਨ, ਇਕਬਾਲ ਸਿੰਘ ਮਾਨ, ਮਾਸਟਰ ਗੁਰਪ੍ਰੀਤ ਸਿੰਘ ਜਲਾਲ, ਮਾਸਟਰ ਸੁਖਦੇਵ ਸਿੰਘ ਜਲਾਲ, ਗਿਆਨੀ ਸੁਰਜੀਤ ਸਿੰਘ, ਬਲਕਾਰ ਸਿੰਘ ਬਾਠ ਪੀ.ਬੀ.ਐੱਸ ਚੌਕ ਮਹਿਤਾ, ਠੇਕੇਦਾਰ ਲਖਵਿੰਦਰ ਸਿੰਘ ਸਰਪੰਚ ਉਸਮਾਂ ਪਰਮਜੀਤ ਸਿੰਘ ਬਾਠ ਪੀ ਬੀ ਐੱਸ ਮੌਲ ਚੌਕ ਮਹਿਤਾ, ਸਤਨਾਮ ਸਿੰਘ ਬਾਠ ਪੀ ਬੀ ਐੱਸ ਮੌਲ ਚੌਕ ਮਹਿਤਾ, ਬੂਟਾ ਸਿੰਘ ਜਲਾਲ ਮੀਡੀਆ ਇੰਚਾਰਜ ਜੰਡਿਆਲਾ ਗੁਰੂ, ਹਲਕਾ ਕੁਆਰਡੀਨੇਟਰ ਹਰਜਿੰਦਰ ਸਿੰਘ ਉਸਮਾਂ, ਗੁਲਜਿੰਡਰ ਸਿੰਘ ਲਾਡੀ ਤੇ ਜੱਥੇ ਨਸੀਬ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ। ਜਿਕਰਯੋਗ ਹੈ ਕਿ ਇਹ ਨਗਰ ਪਿੰਡ ਉੱਦੋਨੰਗਲ, ਸੂਰੋ ਪੱਡਾ, ਨਾਥ ਦੀ ਖੂਹੀ, ਜਲਾਲ ਉਸਮਾਂ, ਗੁਰਦੁਆਰਾ ਚੇਲੇਆਣਾ ਸਾਹਿਬ, ਰਜਧਾਨ, ਭਲਾਈਪੁਰ, ਅੱਡਾ ਦਾਊਦ, ਅੱਡਾ ਵਡਾਲਾ, ਮੋੜ ਸੁਧਾਰ, ਅੱਡਾ ਦਨਿਆਲ, ਮੋੜ ਕਲੇਰ ਘੁਮਾਣ, ਧਿਆਨਪੁਰ, ਬਾਬਾ ਬਕਾਲਾ ਸਾਹਿਬ, ਠੱਠੀਆਂ, ਬੇਦਾਦਪੁਰ, ਸਠਿਆਲਾ, ਗੱਗੜਭਾਣਾ, ਬੁੱਟਰ, ਟਕਾਪੁਰ, ਖੱਬੇ ਰਾਜਪੂਤਾਂ, ਅੱਡਾ ਸੈਦੂਕੇ, ਚੂੰਗ ਅਤੇ ਕਸਬਾ ਮਹਿਤਾ ਚੌਂਕ ਤੋਂ ਹੁੰਦਾ ਹੋਇਆ ਸ਼ਾਮ ਵੇਲੇ ਵਾਪਸ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਹੁੰਚੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਵੀਰ ਬਾਲ ਦਿਵਸ 'ਤੇ

# ਅਕਾਲੀ ਦਲ ਦਾ ਯੂ-ਟਰਨ ਫਿਰ ਬੇਨਕਾਬ


Harsimrat Kaur Badal
@HarsimratBadal_
Show translation
ਬਾਲ ਦਿਵਸ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਕੀਤਾ ਜਾਣਾ ਚਾਹੀਦਾ ਹੈ। ਹੱਕ, ਸੱਚ ਤੇ ਧਰਮ ਦੀ ਰਾਖੀ ਲਈ ਉਨ੍ਹਾਂ ਦੀ ਕੀਤੀ ਕੁਰਬਾਨੀ, ਵਿਸ਼ਵ ਇਤਿਹਾਸ 'ਚ ਅਦੁੱਤੀ ਹੈ ਅਤੇ ਉਨ੍ਹਾਂ ਦੇ ਨਾਂਅ 'ਤੇ ਮਨਾਇਆ ਬਾਲ ਦਿਵਸ, ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਹੀ ਸੇਧਾਂ ਦਿੰਦਾ ਰਹੇਗਾ
#ChildrensDay
2:57 PM · 14 Nov 19


Harsimrat Kaur Badal
@HarsimratBadal_
The #ChildrensDay celebrations should be dedicated to Chhote Sahibzade of Dashmesh Pita Sri Guru Gobind Singh Ji. The sacrifice they made for truth & human rights doesn't have a parallel in history. Celebrating this day in their name will always inspire & guide future generations
2:57 PM · 14 Nov 19

**ਅੰਮ੍ਰਿਤਸਰ, 25 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਿਹਾੜੇ ਨੂੰ 'ਬਾਲ ਦਿਵਸ' ਵਜੋਂ ਮਨਾਏ ਜਾਣ ਸੰਬੰਧੀ ਅਕਾਲੀ ਦਲ ਵੱਲੋਂ ਅਤੀਤ ਵਿੱਚ ਕੀਤੀ ਗਈ ਵਕਾਲਤ ਅਤੇ ਅੱਜ ਜਤਾਏ ਜਾ ਰਹੇ ਇਤਰਾਜ਼ਾਂ ਵਿਚਕਾਰ ਮੌਜੂਦ ਸਪਸ਼ਟ ਵਿਰੋਧਭਾਸ਼ ਨੂੰ ਬੇਨਕਾਬ ਕਰਦੇ ਹੋਏ ਅੱਜ ਇਕ ਹੋਰ ਅਟੱਲ ਅਤੇ ਦਸਤਾਵੇਜ਼ੀ ਸਬੂਤ ਜਨਤਕ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਪੂਰੇ ਮਾਮਲੇ ਵਿੱਚ ਅਕਾਲੀ ਦਲ ਦੇ ਮੌਜੂਦਾ ਇਤਰਾਜ਼ਾਂ ਨੂੰ ਪੂਰੀ ਤਰ੍ਹਾਂ ਝੁਠਲਾ ਦੇਣ ਵਾਲਾ ਸਭ ਤੋਂ ਵੱਡਾ ਤੱਥ ਅਕਾਲੀ ਦਲ ਦੀ ਸੀਨੀਅਰ ਨੇਤਾ ਅਤੇ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਦੀ ਆਪਣੀ ਸਰਵਜਨਕ ਟਵੀਟ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਪ੍ਰੋ. ਖਿਆਲਾ ਨੇ ਕਿਹਾ ਕਿ 14 ਨਵੰਬਰ 2019 ਨੂੰ, ਜਦੋਂ ਦੇਸ਼ ਭਰ ਵਿੱਚ ਬਾਲ ਦਿਵਸ ਮਨਾਇਆ ਜਾ ਰਿਹਾ ਸੀ, ਉਸ ਦਿਨ ਬੀਬੀ ਹਰਸਿਮਰਤ ਕੌਰ ਬਾਦਲ ਨੇ ਆਪਣੇ ਅਧਿਕਾਰਤ ਐਕਸ (ਟਵਿੱਟਰ) ਅਕਾਊਂਟ ਤੋਂ ਪੰਜਾਬੀ ਅਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿੱਚ ਸਪਸ਼ਟ ਤੌਰ 'ਤੇ ਲਿਖਿਆ ਸੀ ਕਿ "ਬਾਲ ਦਿਵਸ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਕੀਤਾ ਜਾਣਾ ਚਾਹੀਦਾ ਹੈ। ਹੱਕ, ਸੱਚ ਅਤੇ ਧਰਮ ਦੀ ਰਾਖੀ ਲਈ ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਵਿਸ਼ਵ ਇਤਿਹਾਸ ਵਿੱਚ ਅਦੁੱਤੀ ਹੈ ਅਤੇ ਉਨ੍ਹਾਂ ਦੇ ਨਾਮ 'ਤੇ ਮਨਾਇਆ ਗਿਆ ਬਾਲ ਦਿਵਸ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਹੀ ਸੇਧ ਦੇਵੇਗਾ।" ਇਹ ਟਵੀਟ ਉਸ ਦਿਨ ਦੁਪਹਿਰ 2 ਵੱਜ ਕੇ 57 ਮਿੰਟ 'ਤੇ ਕੀਤੀ ਗਈ ਸੀ ਅਤੇ ਇਸ ਨਾਲ #ChildrensDay ਹੈਸ਼ਟੈਗ ਵੀ ਵਰਤਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਹ ਪੁਖ਼ਤਾ ਦਸਤਾਵੇਜ਼ੀ ਅਤੇ ਅਖ਼ਬਾਰੀ ਸਬੂਤਾਂ ਸਮੇਤ ਕਈ ਵਾਰ ਸਪਸ਼ਟ ਕਰ ਚੁੱਕੇ ਹਨ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ 'ਬਾਲ ਦਿਵਸ' ਦੇ ਰੂਪ ਵਿੱਚ ਮਨਾਉਣ ਦੀ ਮੰਗ ਖ਼ੁਦ ਅਕਾਲੀ ਦਲ ਵੱਲੋਂ ਹੀ ਕੀਤੀ ਗਈ ਸੀ। ਪ੍ਰੋ. ਖਿਆਲਾ ਨੇ ਯਾਦ ਦਿਵਾਇਆ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਤਤਕਾਲੀ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਦੀ ਅਗਵਾਈ ਹੇਠ ਦਿੱਲੀ ਦੇ ਵਿਗਿਆਨ ਭਵਨ ਵਿੱਚ ਦਿਲੀ ਕਮੇਟੀ ਦੇ ਬੈਨਰ ਹੇਠ ਕਰਵਾਏ ਗਏ ਸੈਮੀਨਾਰ ਦੌਰਾਨ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਿਹਾੜੇ ਨੂੰ 'ਬਾਲ ਦਿਵਸ' ਵਜੋਂ ਦੇਸ਼ ਪੱਧਰ 'ਤੇ ਮਨਾਉਣ ਲਈ ਕੇਂਦਰ ਸਰਕਾਰ ਨੂੰ ਸਿਫ਼ਾਰਸ਼ ਕਰਨ ਦਾ ਐਲਾਨ ਸਰਵਜਨਕ ਤੌਰ 'ਤੇ ਕੀਤਾ ਗਿਆ ਸੀ, ਸਮਾਗਮ ਦੀਆਂ ਤਸਵੀਰਾਂ ਅਤੇ ਅਖ਼ਬਾਰੀ ਰਿਕਾਰਡ ਅੱਜ ਵੀ ਮੌਜੂਦ ਹਨ।

## 14 ਨਵੰਬਰ 2019 ਦੀ ਹਰਸਿਮਰਤ ਕੌਰ ਬਾਦਲ ਦੀ ਟਵੀਟ ਅਕਾਲੀਆਂ ਦੇ ਇਤਰਾਜ਼ਾਂ ਨੂੰ ਪੂਰੀ ਤਰ੍ਹਾਂ ਝੁਠਲਾਉਣ ਲਈ ਕਾਫ਼ੀ : ਪ੍ਰੋ. ਸਰਚਾਂਦ ਸਿੰਘ ਖਿਆਲਾ

ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਬੀਬੀ ਹਰਸਿਮਰਤ ਕੌਰ ਬਾਦਲ ਦੀ ਟਵੀਟ ਅਤੇ ਦਿੱਲੀ ਕਮੇਟੀ ਦਾ ਉਸ ਸਮੇਂ ਦਾ ਫ਼ੈਸਲਾ, ਅੱਜ ਦੇ ਅਕਾਲੀ ਦਲ ਦੇ ਇਤਰਾਜ਼ਾਂ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ ਅਤੇ ਇਹ ਬਿਨਾਂ ਕਿਸੇ ਸੰਦੇਹ ਦੇ ਸਾਬਤ ਕਰਦਾ ਹੈ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ 'ਬਾਲ ਦਿਵਸ' ਦੇ ਰੂਪ ਵਿੱਚ ਮਨਾਉਣ ਦੀ ਮੰਗ ਪਹਿਲਾਂ ਅਕਾਲੀ ਦਲ ਦੀ ਆਪਣੀ ਲੀਡਰਸ਼ਿਪ ਵੱਲੋਂ ਹੀ ਕੀਤੀ ਗਈ ਸੀ। ਇਨ੍ਹਾਂ ਅਟੱਲ ਸਬੂਤਾਂ ਦੇ ਬਾਵਜੂਦ ਅੱਜ ਅਕਾਲੀ ਦਲ ਬਾਦਲ ਦੇ ਆਗੂਆਂ ਵੱਲੋਂ ਆਪਣੇ ਹੀ ਪੁਰਾਣੇ ਸਟੈਂਡ ਤੋਂ ਮੁਨਕਰ ਹੋਣਾ ਸਿਰਫ਼ ਇੱਕ ਸਿਆਸੀ ਯੂ-ਟਰਨ ਨਹੀਂ, ਸਗੋਂ ਦੋਗਲਾਪਣ, ਮੌਕਾਪ੍ਰਸਤੀ ਅਤੇ ਸਿੱਖ ਭਾਵਨਾਵਾਂ ਨਾਲ ਖੇਡਣ ਦੀ ਨੰਗੀ ਮਿਸਾਲ ਹੈ।

ਉਨ੍ਹਾਂ ਕਿਹਾ ਕਿ ਅੱਜ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜਦੋਂ ਅਕਾਲੀ ਦਲ ਦੀ ਆਪਣੀ ਲੀਡਰਸ਼ਿਪ ਵੱਲੋਂ ਇਹ ਮੰਗ ਸਰਵਜਨਕ ਤੌਰ 'ਤੇ ਰੱਖੀ ਗਈ ਸੀ, ਤਾਂ ਅੱਜ ਉਸੇ ਇਤਿਹਾਸਕ ਸੱਚ ਤੋਂ ਮੁਨਕਰ ਕਿਉਂ ਹੋਇਆ ਜਾ ਰਿਹਾ ਹੈ? ਕੀ ਇਹ ਸਿਰਫ਼ ਸਿਆਸੀ ਯੂ-ਟਰਨ ਨਹੀਂ, ਬਲਕਿ ਸਿੱਖ ਕੌਮ ਦੀ ਯਾਦਸ਼ਕਤੀ, ਸਮਝ ਅਤੇ ਭਾਵਨਾਵਾਂ ਨਾਲ ਭ੍ਰਾਂਤੀ ਪੈਦਾ ਕਰਨ ਦੀ ਕੋਸ਼ਿਸ਼ ਨਹੀਂ?

ਪ੍ਰੋ. ਖਿਆਲਾ ਨੇ ਸਪਸ਼ਟ ਕੀਤਾ ਕਿ ਛੋਟੇ ਸਾਹਿਬਜ਼ਾਦੇ ਬਾਲ ਅਵਸਥਾ ਵਿੱਚ ਧਰਮ, ਹੱਕ ਅਤੇ ਸੱਚ ਲਈ ਦਿੱਤੀ ਗਈ ਕੁਰਬਾਨੀ ਮਨੁੱਖੀ ਇਤਿਹਾਸ ਦੀ ਸਭ ਤੋਂ ਉੱਚੀ ਅਤੇ ਅਦੁੱਤੀ ਮਿਸਾਲ ਹੈ। 'ਵੀਰ ਬਾਲ ਦਿਵਸ' ਸ਼ਬਦ ਵੀਰਤਾ ਅਤੇ ਬਾਲਪਣ ਦਾ ਸਨਮਾਨ ਕਰਦਾ ਹੈ ਅਤੇ ਇਹ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ।

ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ 9 ਜਨਵਰੀ 2022 ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦੇ ਸਨਮਾਨ ਵਿੱਚ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਮਨਾਉਣ ਦਾ ਜੋ ਇਤਿਹਾਸਕ ਐਲਾਨ ਕੀਤਾ ਗਿਆ, ਉਹ ਸਿਰਫ਼ ਇੱਕ ਸਰਕਾਰੀ ਘੋਸ਼ਣਾ ਨਹੀਂ, ਸਗੋਂ ਸਿੱਖ ਇਤਿਹਾਸ, ਸਿੱਖ ਭਾਵਨਾਵਾਂ ਅਤੇ ਰਾਸ਼ਟਰੀ ਸਚੇਤਨਾ ਨਾਲ ਜੁੜਿਆ ਇੱਕ ਗੰਭੀਰ ਅਤੇ ਦੂਰਗਾਮੀ ਫ਼ੈਸਲਾ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਵੱਲੋਂ 'ਵੀਰ ਬਾਲ ਦਿਵਸ' ਦੇ ਨਾਮ ਨੂੰ ਲੈ ਕੇ ਇਤਰਾਜ਼ ਜਤਾਏ ਜਾ ਰਹੇ ਹਨ, ਜੋ ਉਸਦੀ ਆਪਣੀ ਪੁਰਾਣੀ ਸਥਿਤੀ ਨਾਲ ਸਿੱਧੀ ਟੱਕਰ ਵਿੱਚ ਹਨ।

ਉਨ੍ਹਾਂ ਅਕਾਲੀ ਦਲ ਨੂੰ ਅਪੀਲ ਕੀਤੀ ਕਿ ਉਹ ਸਿਆਸੀ ਮੌਕਾਪ੍ਰਸਤੀ ਛੱਡ ਕੇ ਸੱਚਾਈ ਨੂੰ ਸਵੀਕਾਰੇ, ਇਤਿਹਾਸਕ ਤੱਥਾਂ ਤੋਂ ਭੱਜਣ ਦੀ ਥਾਂ ਉਨ੍ਹਾਂ ਦਾ ਸਾਹਮਣਾ ਕਰੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਰਾਸ਼ਟਰੀ ਪੱਧਰ 'ਤੇ ਮਾਨਤਾ ਦੇਣ ਵਾਲੇ ਇਸ ਇਤਿਹਾਸਕ ਕਦਮ ਦਾ ਸਵਾਗਤ ਕਰੇ।

# ਪਿੰਡ ਉਸਮਾ ਵਿਖੇ ਬਹੁਤ ਸ਼ਰਧਾ ਭਾਵਨਾ ਨਾਲ ਮਹਾਨ ਨਗਰ ਕੀਰਤਨ ਦਾ ਨਿੱਘਾ ਸਵਾਗਤ ਕੀਤਾ ਗਿਆ



**ਚੌਕ ਮਹਿਤਾ, 25 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿੱਤਰ ਪਾਵਨ ਅਵਤਾਰ ਦਿਹਾੜੇ ਨੂੰ ਸਮਰਪਿਤ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਚੌਂਕ ਵੱਲੋਂ ਮਹਾਨ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਤੇ ਹਲਕਾ ਜੰਡਿਆਲਾ ਗੁਰੂ ਤੋਂ ਸੀਨੀਅਰ ਲੀਡਰ ਠੇਕੇਦਾਰ ਲਖਵਿੰਦਰ ਸਿੰਘ ਰੰਧਾਵਾ ਸਰਪੰਚ ਉਸਮਾ, ਹਰਜਿੰਦਰ ਸਿੰਘ ਰੰਧਾਵਾ ਉਸਮਾ ਪ੍ਰਧਾਨ ਟ੍ਰੇਡ ਵਿੰਗ ਹਲਕਾ ਜੰਡਿਆਲਾ ਗੁਰੂ, ਅਤੇ ਜ਼ਿਲਾ ਐਕਸਾਈਜ਼ ਐਂਡ ਟੈਕਸੇਸ਼ਨ ਸਲਾਹਕਾਰ ਕਮੇਟੀ ਦੇ ਮੈਂਬਰ ਪੰਜਾਬ ਸਰਕਾਰ , ਸੁਖਦੇਵ ਸਿੰਘ ਉਸਮਾ, ਪ੍ਰਧਾਨ ਬੂਟਾ ਸਿੰਘ, ਅਮਰਜੀਤ ਸਿੰਘ ਉਸਮਾ,ਨੇ ਮਹਾਨ ਨਗਰ ਕੀਰਤਨ ਦਾ ਨਿੱਘਾ ਸਵਾਗਤ ਕੀਤਾ ਗਿਆ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਸਤੇ ਸੁੰਦਰ ਰੁਮਾਲਾ ਸਾਹਿਬ,ਪੰਜ ਪਿਆਰਿਆਂ ਸਾਹਿਬਾਨ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸੰਗਤਾਂ ਵਾਸਤੇ ਖੁੱਲ੍ਹੇ ਚਾਹ ਪਕੌੜਿਆਂ ਦੇ ਲੰਗਰ ਲਗਾਇਆ ਗਿਆ। ਇਸ ਮੌਕੇ ਤੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਪ੍ਰਬੰਧਕਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਬਲਜਿੰਦਰ ਸਿੰਘ ਢੱਡੇ ਬਣੇ ਬਲਾਕ ਮਜੀਠਾ ਦੇ ਕੋਆਰਡੀਨੇਟਰ, ਪਿੰਡ ਵਾਸੀਆਂ ਕੀਤਾ ਤਲਬੀਰ ਸਿੰਘ ਗਿੱਲ ਦਾ ਧੰਨਵਾਦ



**ਚੌਕ ਮਹਿਤਾ, 24 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਵਿਚਲੀ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨਾਲ ਆਮ ਆਦਮੀ ਪਾਰਟੀ ਵਿੱਚ ਪਾਰਟੀ ਪ੍ਰਤੀ ਚੰਗੇ ਕੰਮ ਕਰਨ ਵਾਲਿਆਂ ਨੂੰ ਅੱਜ ਹਲਕਾ ਮਜੀਠਾ ਦਾ ਕੋਆਰਡੀਨੇਟਰ ਲਗਾਇਆ ਗਿਆ ਜਿਨ੍ਹਾਂ ਵਿਚ ਹਲਕਾ ਮਜੀਠਾ ਦੇ ਪਿੰਡ ਢੱਡੇ ਤੋਂ ਬਲਜਿੰਦਰ ਸਿੰਘ ਪੰਛੀ ਨੂੰ ਕੋਆਰਡੀਨੇਟਰ ਲਗਾਇਆ ਗਿਆ ਜਿਸ ਨਾਲ ਹਲਕੇ ਅਤੇ ਪਿੰਡ ਵਿੱਚ ਖੁਸ਼ੀ ਦੀ ਲਹਿਰ ਹੈ। ਅੱਜ ਇਸ ਖੁਸ਼ੀ ਦੇ ਮੌਕੇ ਤੇ ਪਿੰਡ ਢੱਡੇ ਤੋਂ ਮੌਜੂਦਾ ਸਰਪੰਚ ਧੰਨਾ ਸਿੰਘ ਢੱਡੇ ਅਤੇ ਸਮੂਹ ਗ੍ਰਾਮ ਪੰਚਾਇਤ ਨੇ ਬਲਜਿੰਦਰ ਸਿੰਘ ਦੇ ਕੋਆਰਡੀਨੇਟਰ ਬਣਨ ਤੇ ਉਨ੍ਹਾਂ ਦੀ ਧਰਮ ਪਤਨੀ ਦਾ ਮੂੰਹ ਮਿੱਠਾ ਕਰਵਾਇਆ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੋਆਰਡੀਨੇਟਰ ਬਲਜਿੰਦਰ ਸਿੰਘ ਢੱਡੇ ਇਸ ਟਾਇਮ ਆਪਣੀ ਇੰਗਲੈਂਡ ਫੇਰੀ ਤੇ ਹਨ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਵਤਨ ਪਹੁੰਚ ਕੇ ਹਲਕੇ ਦੇ ਲੋਕਾਂ ਦਾ ਧੰਨਵਾਦ ਕਰਨਗੇ। ਇਸ ਮੌਕੇ ਸਰਪੰਚ ਧੰਨਾ ਸਿੰਘ ਢੱਡੇ ਅਤੇ ਸਮੂਹ ਗ੍ਰਾਮ ਪੰਚਾਇਤ ਨੇ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਅਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਧੰਨਾ ਸਿੰਘ ਢੱਡੇ, ਪਾਰਟੀ ਪ੍ਰਧਾਨ ਲਖਵਿੰਦਰ ਸਿੰਘ, ਮੈਂਬਰ ਪੰਚਾਇਤ ਰਵਿੰਦਰ, ਮੈਂਬਰ ਪੰਚਾਇਤ ਕਸ਼ਮੀਰ ਸਿੰਘ, ਮੈਂਬਰ ਪੰਚਾਇਤ ਹਰਜੀਤ ਸਿੰਘ, ਲਖਬੀਰ ਸਿੰਘ ਬਾਊ ਨੰਬਰਦਾਰ, ਬਖਤਾਵਰ ਸਿੰਘ, ਨੰਬਰਦਾਰ ਗੁਰਵਿੰਦਰ ਸਿੰਘ ਰੰਧਾਵਾ, ਬਿਕਰਮ ਸਿੰਘ ਡੇਰੀਵਾਲ ਅਤੇ ਸਾਬਕਾ ਮੈਂਬਰ ਪੰਚਾਇਤ ਬੀਬੀ ਰਣਜੀਤ ਕੌਰ ਸ਼ਾਮਿਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਤਖ਼ਤ ਪਟਨਾ ਸਾਹਿਬ ਕਮੇਟੀ ਵੱਲੋਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਪੁਸਤਿਕਾ ਦਾ ਵਿਮੋਚਨ



ਨਵੀਂ ਦਿੱਲੀ, 25 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਮਹੀਨਾਵਾਰ ਪੱਤਰਿਕਾ 'ਗੋਵਿੰਦ ਪ੍ਰਕਾਸ਼' ਦਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿੱਚ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ਗੌਰਵਮਈ ਇਤਿਹਾਸ ਉੱਤੇ ਆਧਾਰਿਤ ਲੇਖ, ਕਵਿਤਾਵਾਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਸ ਵਿਸ਼ੇਸ਼ ਅੰਕ ਦਾ ਵਿਮੋਚਨ ਭਾਜਪਾ ਦੇ ਨਵ-ਨਿਯੁਕਤ ਪ੍ਰਧਾਨ ਨਿਤਿਨ ਨਵੀਨ ਵੱਲੋਂ ਕੀਤਾ ਗਿਆ। ਇਸ ਮੌਕੇ 'ਤੇ ਤਖ਼ਤ ਪਟਨਾ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਮਹਾਸਚਿਵ ਇੰਦਰਜੀਤ ਸਿੰਘ, ਸੀਨੀਅਰ ਉਪ-ਪ੍ਰਧਾਨ ਲਖਵਿੰਦਰ ਸਿੰਘ, ਉਪ-ਪ੍ਰਧਾਨ ਗੁਰਵਿੰਦਰ ਸਿੰਘ, ਧਰਮ ਪ੍ਰਚਾਰ ਚੇਅਰਮੈਨ ਮਹਿੰਦਰ ਪਾਲ ਸਿੰਘ ਢਿੱਲੋਂ, ਮੈਂਬਰ ਹਰਪਾਲ ਸਿੰਘ ਜੋਹਲ ਅਤੇ ਮੀਡੀਆ ਪ੍ਰਭਾਰੀ ਤੇ 'ਗੋਵਿੰਦ ਪ੍ਰਕਾਸ਼' ਮੈਗਜ਼ੀਨ ਦੇ ਸੰਪਾਦਕ ਸੁਦੀਪ ਸਿੰਘ ਹਾਜ਼ਰ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

## ਸਿੱਖਾਂ ਵਲੋਂ ਵਾਸ਼ਿੰਗਟਨ, ਲੰਡਨ, ਟੋਰਾਂਟੋ, ਵੈਨਕੂਵਰ, ਮਿਲਾਨ ਅਤੇ

# ਮੈਲਬੌਰਨ ਵਿੱਚ ਭਾਰਤ ਸਰਕਾਰ ਵਿਰੁੱਧ ਭਾਰੀ ਵਿਰੋਧ ਪ੍ਰਦਰਸ਼ਨ




**ਨਵੀਂ ਦਿੱਲੀ, 25 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- ਸਿੱਖ ਕਾਰਕੁਨਾਂ ਅਤੇ ਸਿੱਖਸ ਫਾਰ ਜਸਟਿਸ ਦੇ ਮੈਂਬਰਾਂ ਨੇ ਵਾਸ਼ਿੰਗਟਨ, ਲੰਡਨ, ਟੋਰਾਂਟੋ, ਵੈਨਕੂਵਰ, ਮਿਲਾਨ, ਢਾਕਾ ਅਤੇ ਮੈਲਬੌਰਨ ਵਿੱਚ ਭਾਰਤ ਸਰਕਾਰ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤੇ, ਜਿਸ ਵਿੱਚ ਉਨ੍ਹਾਂ ਨੇ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਅਤੇ ਬੰਗਲਾਦੇਸ਼ੀ ਜਨਤਕ ਸ਼ਖਸੀਅਤ ਉਸਮਾਨ ਹਾਦੀ ਦੀਆਂ ਹੱਤਿਆਵਾਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ। ਰਿਪੋਰਟ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਵਿਰੁੱਧ ਵਿਰੋਧ ਪ੍ਰਦਰਸ਼ਨਾਂ ’ਤੇ ਬਾਕੂ ਇਨੀਸ਼ੀਏਟਿਵ ਗਰੁੱਪ ਦੇ ਇੱਕ ਅਧਿਐਨ ਦਾ ਹਵਾਲਾ ਦਿੱਤਾ ਗਿਆ ਹੈ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦਾ ਉਦੇਸ਼ ਨਿੱਜਰ ਅਤੇ ਹਾਦੀ ਦੀਆਂ ਮੌਤਾਂ ਲਈ ਭਾਰਤ ਦੀ ਜ਼ਿੰਮੇਵਾਰੀ ਵੱਲ ਅੰਤਰਰਾਸ਼ਟਰੀ ਧਿਆਨ ਖਿੱਚਣਾ ਹੈ। ਉਸਮਾਨ ਹਾਦੀ ਮੋਦੀ ਦੀਆਂ ਨੀਤੀਆਂ ਦੀ ਖੁੱਲ੍ਹ ਕੇ ਆਲੋਚਨਾ ਕਰਨ ਲਈ ਜਾਣਿਆ ਜਾਂਦਾ ਸੀ। “ਮੋਦੀ ਦੇ ਜਾਸੂਸਾਂ ਨੂੰ ਫੜੋ! ਉਨ੍ਹਾਂ ਨੂੰ ਗ੍ਰਿਫ਼ਤਾਰ ਕਰੋ!” ਦੇ ਨਾਅਰਿਆਂ ਦੇ ਸੋਸ਼ਲ ਮੀਡੀਆ ’ਤੇ ਫੈਲਣ ਤੋਂ ਬਾਅਦ, ਹਾਦੀ ਨੂੰ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ। 12 ਦਸੰਬਰ, 2025 ਨੂੰ, ਉਹ ਬੰਗਲਾਦੇਸ਼ ਦੇ ਢਾਕਾ ਵਿੱਚ ਇੱਕ ਹਥਿਆਰਬੰਦ ਹਮਲੇ ਵਿੱਚ ਗੰਭੀਰ ਜ਼ਖਮੀ ਹੋ ਗਿਆ ਸੀ ਅਤੇ ਤਿੰਨ ਦਿਨ ਬਾਅਦ 15 ਦਸੰਬਰ ਨੂੰ ਹਸਪਤਾਲ ਵਿੱਚ ਉਸਦੀ ਮੌਤ ਹੋ ਗਈ। ਕੈਨੇਡੀਅਨ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਨੂੰ 2023 ਵਿੱਚ ਕੈਨੇਡਾ ਦੇ ਬਰੈਂਪਟਨ ਵਿੱਚ ਅਣਪਛਾਤੇ ਹਮਲਾਵਰਾਂ ਨੇ ਮਾਰ ਦਿੱਤਾ ਸੀ। ਸਿੱਖ ਕਾਰਕੁਨਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਹੱਤਿਆ ਪਿੱਛੇ ਭਾਰਤ ਸਰਕਾਰ ਦਾ ਹੱਥ ਸੀ ਅਤੇ ਕੈਨੇਡਾ ਦੇ ਸਾਬਕਾ ਪੀਐਮ ਟਰੂਡੋ ਨੇ ਵੀਂ ਕੈਨੇਡੀਅਨ ਸੰਸਦ ਵਿਚ ਇਸ ਵਿਚ ਭਾਰਤ ਦਾ ਹੱਥ ਹੋਣ ਦੇ ਸਬੂਤਾਂ ਦਾ ਜਿਕਰ ਕੀਤਾ ਸੀ । ਇਸ ਮੌਕੇ ਐਸਐਫਜੇ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪਨੂੰ ਨੇ ਕਿਹਾ ਸਿੱਖਸ ਫਾਰ ਜਸਟਿਸ ਬੰਗਲਾਦੇਸ਼ ਦੇ ਅੰਦਰ ਭਾਰਤ ਦੀਆਂ ਹੱਤਿਆ ਦੀਆਂ ਯੋਜਨਾਵਾਂ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਬੇਨਕਾਬ ਕਰਨ ਜਾ ਰਿਹਾ ਹੈ। ਭਾਰਤ ਪਹਿਲਾਂ ਹੀ ਉਸਮਾਨ ਹਾਦੀ ਨੂੰ ਮਾਰ ਚੁੱਕਾ ਹੈ। ਅਸੀਂ ਇੱਕ ਪ੍ਰੋਗਰਾਮ ਦੇ ਤੌਰ ’ਤੇ ਭਾਰਤੀ ਦੂਤਾਵਾਸਾਂ ਨੂੰ ਬੰਦ ਕਰਨ ਦੀ ਮੰਗ ਕੀਤੀ ਹੈ। ਕਿਉਂਕਿ ਅਸੀਂ ਉਨ੍ਹਾਂ ਨੂੰ ਭਾਰਤ ਦੀ ਖੁਫੀਆ ਏਜੰਸੀ ਰਾਅ ਨੂੰ ਕੇਂਦਰ ਮੰਨਦੇ ਹਾਂ। ਕਤਲਾਂ ਦੀ ਯੋਜਨਾ ਇੱਥੋਂ ਬਣਾਈ ਜਾਂਦੀ ਹੈ ਅਤੇ ਅੰਜਾਮ ਦਿੱਤਾ ਜਾਂਦਾ ਹੈ। ਭਾਈ ਨਰਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਜਦੋਂ ਤੱਕ ਇਨਸਾਫ਼ ਨਹੀਂ ਮਿਲ ਜਾਂਦਾ ਇਹ ਜੰਗ ਇਸੇ ਤਰਾਂ ਜਾਰੀ ਰਵੇਗੀ, ਓਹਨਾ ਕਿਹਾ ਹੱਕ-ਸੱਚ ਅਤੇ ਕੌਮ ਦੀ ਖਾਤਰ ਸੰਘਰਸ਼ ਕਰ ਰਹੇ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣਾ ਇਹਨਾਂ ਹਕੂਮਤਾਂ ਦਾ ਕੰਮ ਹੈ । ਉਹਨਾਂ ਕਿਹਾ ਕਿ ਹਕੂਮਤਾਂ ਇਥੇ ਵੀ ਹੱਕ ਦੀ ਆਵਾਜ਼ ਬੁਲੰਦ ਕਰਨ ਨਹੀਂ ਦੇ ਰਹੀਆਂ ਭਾਈ ਹਰਦੀਪ ਸਿੰਘ ਦੀ ਸ਼ਹੀਦੀ ਇੱਕ ਬਹੁਤ ਵੱਡੀ ਮਿਸਾਲ ਹੈ । ਉਹਨਾਂ ਕਿਹਾ ਕਿ ਖਾਲਿਸਤਾਨ ਦੀ ਪ੍ਰਾਪਤੀ ਤੱਕ ਧਰਨੇ, ਰੋਸ-ਪ੍ਰਦਰਸ਼ਨ ਸਭ ਇਸੇ ਤਰਾਂ ਚਲਦੇ ਰਹਿਣਗੇ ਅਤੇ ਖਾਲਿਸਤਾਨ ਰੈਫਰੈਂਡਮ ਦੀਆਂ ਵੋਟਾਂ ਦਾ ਅਗਲਾ ਸੈਂਟਰ 22 ਮਾਰਚ 2026 ਨੂੰ ਸਿਆਟਲ ਅਮਰੀਕਾ ਵਿੱਚ ਲੱਗੇਗਾ। ਭਾਈ ਪਰਮਜੀਤ ਸਿੰਘ ਪੰਮਾ ਨੇ ਕਿਹਾ ਅਸੀਂ ਢਾਕਾ ਵਿੱਚ ਭਾਰਤੀ ਹਾਈ ਕਮਿਸ਼ਨਰ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਾਂ। ਉਸਨੇ ਹੀ ਉਸਮਾਨ ਹਾਦੀ ਦੀ ਹੱਤਿਆ ਦਾ ਹੁਕਮ ਦਿੱਤਾ ਸੀ, ਕਤਲ ਕੀਤਾ ਸੀ। ਕਤਲ, ਜਾਸੂਸੀ ਅਤੇ ਨਿਗਰਾਨੀ ਦੀਆਂ ਗਤੀਵਿਧੀਆਂ ਇਸ ਦੂਤਾਵਾਸ ਤੋਂ ਕੀਤੀਆਂ ਜਾਂਦੀਆਂ ਹਨ। ਇਸੇ ਲਈ ਅਸੀਂ ਢਾਕਾ, ਇਸਲਾਮਾਬਾਦ, ਆਸਟ੍ਰੇਲੀਆ ਵਿੱਚ ਮੈਲਬੌਰਨ, ਯੂਕੇ ਵਿੱਚ ਲੰਡਨ, ਇਟਲੀ ਵਿੱਚ ਮਿਲਾਨ, ਕੈਨੇਡਾ ਵਿੱਚ ਟੋਰਾਂਟੋ ਅਤੇ ਵੈਨਕੂਵਰ ਅਤੇ ਅਮਰੀਕਾ ਵਿੱਚ ਵਾਸ਼ਿੰਗਟਨ ਡੀਸੀ ਤੋਂ ਇੱਕੋ ਸਮੇਂ ਭਾਰਤੀ ਐਂਬੇਸਿਆ ਨੂੰ ਬੰਦ ਕਰਣ ਦੀ ਮੰਗ ਕਰ ਰਹੇ ਹਾਂ।

## ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਧਰਮ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਲ ਵਜੋਂ ਇਸਤੇਮਾਲ ਕਰਨਾ ਬੰਦ ਕਰੇ: ਪ੍ਰੋ. ਸਰਚਾਂਦ ਸਿੰਘ ਖਿਆਲਾ

### ☛ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਜਿੱਠਿਆ ਹੁੰਦਾ ਤਾਂ ਮਾਮਲਾ ਸੁਲਝ ਗਿਆ ਹੁੰਦਾ ☛ ਕਾਨੂੰਨ ਨੂੰ ਆਪਣਾ ਕੰਮ ਕਰਨ ਦੇਵੇ , ਸੰਗਤ ਸੱਚ ਜਾਣਨਾ ਚਾਹੁੰਦੀ ਹੈ



**ਅੰਮ੍ਰਿਤਸਰ, 25 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਲ ਵਜੋਂ ਇਸਤੇਮਾਲ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਨੇ ਨਾ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੂ ਸੱਤਾ ਨੂੰ ਚੁਨੌਤੀ ਦਿੱਤੀ ਹੈ, ਸਗੋਂ ਹੁਣ ਸਿਆਸੀ ਮੰਤਵ ਲਈ ਕਾਨੂੰਨ ਵਿਵਸਥਾ ਅਤੇ ਅਕਾਲ ਤਖ਼ਤ ਸਾਹਿਬ ਨੂੰ ਆਹਮੋ-ਸਾਹਮਣੇ ਲਿਆਉਣ ਦੀ ਸਾਜ਼ਿਸ਼ ਰਚ ਰਹੀ ਹੈ।

ਸ਼੍ਰੀ ਅਕਾਲ ਤਖ਼ਤ ਸਾਹਿਬ ਸਾਡੇ ਲਈ ਆਸਥਾ ਦਾ ਕੇਂਦਰ ਅਤੇ ਧਾਰਮਿਕ ਸਰਬਉੱਚ ਅਥਾਰਿਟੀ ਹੈ। ਉੱਥੇ ਹੀ ਸਰਕਾਰ ਦੀ ਜ਼ਿੰਮੇਵਾਰੀ ਸੰਵਿਧਾਨਕ ਅਤੇ ਕਾਨੂੰਨੀ ਜ਼ਿੰਮੇਵਾਰੀਆਂ ਨਿਭਾਉਣ ਨਾਲ ਹੈ। ਇਸ ਲਈ ਸ਼੍ਰੋਮਣੀ ਕਮੇਟੀ ਨੂੰ “ਸਰਕਾਰ ਵੱਡੀ ਜਾਂ ਅਕਾਲ ਤਖ਼ਤ ਸਾਹਿਬ” ਵਰਗਾ ਫ਼ਜ਼ੂਲ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਤੋਂ ਬਚਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਕਿਸੇ ਤਰ੍ਹਾਂ ਵੀ ਕਾਨੂੰਨ ਜਾਂ ਸੰਵਿਧਾਨ ਤੋਂ ਬਾਹਰ ਨਹੀਂ ਹੈ, ਬੇਸ਼ੱਕ ਇਸ ਦੇ ਆਪਣੇ ਨਿਯਮ ਹਨ, ਕਿਉਂਕਿ ਮੌਜੂਦਾ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਸੰਵਿਧਾਨ ਦੇ ਅੰਦਰ ਹੋਈ ਹੈ ਅਤੇ ਸੰਵਿਧਾਨ ਦੇ ਮਾਪਦੰਡਾਂ ਅਨੁਸਾਰ ਹੀ ਇਸ ਦੇ ਮੈਂਬਰਾਂ ਦੀ ਚੋਣ ਕੀਤੀ ਜਾਂਦੀ ਹੈ।

328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਏ ਗਏ ਮੁਲਾਜ਼ਮਾਂ ਵਿਰੁੱਧ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਿਸ਼ਾ-ਨਿਰਦੇਸ਼ ਅਧੀਨ ਕਾਰਵਾਈ ਕਰਨ ਦੇ ਦਾਅਵਿਆਂ ਨੂੰ ਚੁਨੌਤੀ ਦਿੰਦਿਆਂ ਪ੍ਰੋਫੈਸਰ ਸਰਚਾਂਦ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਿੱਚ ਅੰਤ੍ਰਿੰਗ ਕਮੇਟੀ ਇੱਕ ਪਾਵਰ ਫੁੱਲ ਬਾਡੀ ਹੈ, ਜਿਸ ਨੇ ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਭਾਈ ਈਸ਼ਰ ਸਿੰਘ ਕਮੇਟੀ ਦੀ ਰਿਪੋਰਟ ਉੱਤੇ ਪੰਜ ਸਿੰਘ ਸਾਹਿਬਾਨਾਂ ਦੇ ਆਦੇਸ਼ ਮੁਤਾਬਕ ਮਿਤੀ 27 ਅਗਸਤ 2020 ਨੂੰ ਗੰਭੀਰਤਾ ਨਾਲ ਵਿਚਾਰ ਕਰਦਿਆਂ ਕਥਿਤ 16 ਵਿੱਚੋਂ ਪੰਜ ਦੋਸ਼ੀਆਂ ਖ਼ਿਲਾਫ਼ ਫ਼ੌਜਦਾਰੀ ਪਰਚਾ ਦਰਜ ਕਰਨ ਦਾ ਮਤਾ ਨੰਬਰ 466 ਪਾਸ ਕੀਤਾ। ਇਸ ਮਤੇ ਵਿੱਚ ਇਹ ਵੀ ਸਪਸ਼ਟ ਕੀਤਾ ਗਿਆ ਕਿ ਪਾਵਨ ਸਰੂਪਾਂ ਦੇ ਮਾਮਲੇ ਵਿੱਚ ਕੇਸਾਂ ਦੀ ਕਾਨੂੰਨੀ ਕਾਰਵਾਈ ਸਬੰਧੀ ਉਸ ਸਮੇਂ ਜਨਰਲ ਸਕੱਤਰ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸਬ-ਕਮੇਟੀ ਗਠਨ ਕਰਨ ਦਾ ਅਧਿਕਾਰ ਵੀ ਪ੍ਰਧਾਨ ਸਾਹਿਬ (ਭਾਈ ਗੋਬਿੰਦ ਸਿੰਘ ਲੌਂਗੋਵਾਲ) ਨੂੰ ਦਿੱਤਾ ਗਿਆ, ਜਿਨ੍ਹਾਂ ਨੇ ਉਸ ਵੇਲੇ ਚਾਰ ਮੈਂਬਰੀ ਵਕੀਲਾਂ ਦਾ ਪੈਨਲ ਵੀ ਬਣਾਇਆ।

ਪਰ ਹੈਰਾਨੀ ਦੀ ਗੱਲ ਹੈ ਕਿ ਸਿਰਫ਼ ਹਫ਼ਤਾ ਬਾਅਦ, ਮਿਤੀ 5 ਸਤੰਬਰ 2020 ਨੂੰ, ਇਸੇ ਹੀ ਅੰਤ੍ਰਿੰਗ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਿਨਾਂ ਮਨਜ਼ੂਰੀ ਲਏ ਮਤਾ ਨੰਬਰ 493 ਰਾਹੀਂ ਦੋਸ਼ੀਆਂ ਖ਼ਿਲਾਫ਼ ਫ਼ੌਜਦਾਰੀ ਪਰਚਾ ਦਰਜ ਕਰਵਾਉਣ ਤੋਂ ਪਿੱਛੇ ਹੱਟ ਦਿਆਂ ਕੇਵਲ ਸ਼੍ਰੋਮਣੀ ਕਮੇਟੀ ਨੂੰ ਆਪਣੇ ਤੌਰ ’ਤੇ ਵਿਭਾਗੀ ਕਾਰਵਾਈ ਕਰਨ ਦੀ ਪ੍ਰਵਾਨਗੀ ਦੇ ਦਿੱਤੀ, ਜਿਸ ਨਾਲ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਸਗੋਂ ਪੰਜ ਸਿੰਘ ਸਾਹਿਬਾਨਾਂ ਦੇ ਦਿਸ਼ਾ-ਨਿਰਦੇਸ਼ਾਂ ਦੀ ਵੀ ਖੁੱਲ੍ਹੇਆਮ ਉਲੰਘਣਾ ਹੋਈ। ਉਹਨਾਂ ਕਿਹਾ ਕਿ ਜੇਕਰ ਇਸ ਮਾਮਲੇ ਨੂੰ ਉਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਹੀ ਤਰੀਕੇ ਨਾਲ ਨਜਿੱਠ ਲਿਆ ਜਾਂਦਾ, ਤਾਂ ਇਹ ਮਾਮਲਾ ਉਸੇ ਸਮੇਂ ਹੀ ਸੁਲਝ ਗਿਆ ਹੁੰਦਾ।

ਹੁਣ ਜਦੋਂ ਕਿ ਇਸ ਮਾਮਲੇ ਵਿੱਚ ਪਰਚਾ ਦਰਜ ਹੋ ਚੁੱਕਾ ਹੈ, ਤਾਂ ਇਹ ਵੀ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਪਿਛਲੇ ਸਮੇਂ ਦੌਰਾਨ ਸਾਲ 2002 ਵਿੱਚ ਬਾਬਾ ਧਨਵੰਤ ਸਿੰਘ ਨਾਮਕ ਵਿਅਕਤੀ ਨੂੰ ਅਨੈਤਿਕ ਸੰਬੰਧਾਂ ਦੇ ਮਾਮਲੇ ਵਿੱਚ ਤਖ਼ਤ ਸਾਹਿਬ ਵੱਲੋਂ ਤਾਂ ਬਰੀ ਕਰ ਦਿੱਤਾ ਗਿਆ ਸੀ, ਪਰ ਉਸੇ ਮਾਮਲੇ ਅਧੀਨ ਅਦਾਲਤ ਵੱਲੋਂ ਦੋਸ਼ੀ ਨੂੰ ਸਜ਼ਾ ਸੁਣਾਈ ਗਈ। ਇਸ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਕਾਨੂੰਨ ਦੇ ਦਾਇਰੇ ਵਿੱਚ ਆਉਣ ਵਾਲੇ ਕਿਸੇ ਵੀ ਮਾਮਲੇ ਨੂੰ ਅਕਾਲ ਤਖ਼ਤ ਸਾਹਿਬ ’ਤੇ ਵਿਚਾਰਿਆ ਨਹੀਂ ਜਾਵੇਗਾ।

ਇਸੇ ਸੰਦਰਭ ਵਿੱਚ ਹੁਣ ਜਦੋਂ ਕਿ 328 ਪਾਵਨ ਸਰੂਪਾਂ ਦਾ ਮਾਮਲਾ ਹੇਰਾ-ਫੇਰੀ ਅਤੇ ਲਾਪਰਵਾਹੀ ਵਰਗੇ ਅਪਰਾਧਾਂ ਨਾਲ ਜੁੜਿਆ ਹੋਣ ਕਾਰਨ ਪਰਚਾ ਦਰਜ ਹੋਣ ਤੋਂ ਬਾਅਦ ਕਾਨੂੰਨੀ ਜਾਂਚ-ਪੜਤਾਲ ਦੀ ਪ੍ਰਕਿਰਿਆ ਅਧੀਨ ਹੈ, ਤਾਂ ਇਸ ਮਾਮਲੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁੜ ਵਿਚਾਰਨਾ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਪਿਛਲੇ ਫ਼ੈਸਲੇ ਦੀ ਹੀ ਉਲੰਘਣਾ ਹੋਵੇਗੀ।

ਇਹ ਮਾਮਲਾ ਪ੍ਰਬੰਧਕੀ ਖ਼ਾਮੀਆਂ ਅਤੇ ਕੁਤਾਹੀ ਨਾਲ ਜੁੜਿਆ ਹੋਇਆ ਹੈ, ਨਾ ਕਿ ਮਰਯਾਦਾ ਨਾਲ। ਇਸ ਲਈ ਮੌਜੂਦਾ ਵਰਤਾਰੇ ਨੂੰ ਕਿਸੇ ਵੀ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤੌਹੀਨ ਜਾਂ ਉਸ ਦੇ ਆਦੇਸ਼ਾਂ ਨੂੰ ਚੁਨੌਤੀ ਨਹੀਂ ਕਿਹਾ ਜਾ ਸਕਦਾ। ਮਾਮਲੇ ਨੂੰ ਸ੍ਰੀ ਅਕਾਲ ਤਖ਼ਤ ਨਾਲ ਜੋੜਿਆ ਜਾਣਾ ਸੰਗਤ ਵਿੱਚ ਭਰਮ ਫੈਲਾਉਣ ਦੀ ਸਾਜ਼ਿਸ਼ ਹੋ ਸਕਦੀ ਹੈ। ਸੰਗਤ ਸੱਚ ਜਾਣਨਾ ਚਾਹੁੰਦੀ ਹੈ, ਕਿਉਂਕਿ ਦੋਸ਼ੀ ਠਹਿਰਾਏ ਗਏ ਕਰਮਚਾਰੀਆਂ ਵੱਲੋਂ ਵੀ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹਨਾਂ ਨਾਲ ਜ਼ਿਆਦਤੀ ਹੋਈ ਹੈ। ਪਰਚਾ ਦਰਜ ਹੋਣ ਤੋਂ ਬਾਅਦ ਹੁਣ ਉਹ ਸ਼ਾਮਲ ਤਫ਼ਤੀਸ਼ ਹੋਣਾ ਚਾਹੁੰਦੇ ਹਨ। ਇਸ ਲਈ ਕਾਨੂੰਨ ਨੂੰ ਆਪਣਾ ਕੰਮ ਕਰਨ ਦੇਣਾ ਚਾਹੀਦਾ ਹੈ।

ਇਹ ਕਿਸੇ ਵੀ ਤਰ੍ਹਾਂ ਗੁਰਮਤ ਮਰਯਾਦਾ ਦਾ ਮਾਮਲਾ ਨਹੀਂ ਹੈ। ਇਸ ਮਾਮਲੇ ਵਿੱਚ ਰਿਕਾਰਡ, ਸੰਪਤੀ, ਲਾਪਰਵਾਹੀ ਅਤੇ ਸੰਭਾਵਿਤ ਅਪਰਾਧਾਂ ਦਾ ਪਤਾ ਲਗਾਇਆ ਜਾਣਾ ਚਾਹੀਦਾ ਹੈ। ਜਾਂਚ ਤੋਂ ਡਰਨਾ ਆਸਥਾ ਦੀ ਰੱਖਿਆ ਨਹੀਂ, ਸਗੋਂ ਸਵਾਲਾਂ ਤੋਂ ਭੱਜਣਾ ਹੈ, ਜਾਂ ਫਿਰ ਇਹ ਮੰਨ ਲਿਆ ਜਾਵੇ ਕਿ ਸ਼੍ਰੋਮਣੀ ਕਮੇਟੀ ਵਿਸ਼ੇਸ਼ ਵਿਅਕਤੀਆਂ ਨੂੰ ਬਚਾਉਣ ਲਈ ਪੱਬਾਂ ਭਾਰ ਹੈ।

ਉਹਨਾਂ ਮੌਜੂਦਾ ਮਾਮਲੇ ਸਬੰਧੀ ਯਾਦ ਕਰਵਾਇਆ ਕਿ ਪਰਚਾ ਦਰਜ ਕੀਤੇ ਗਏ ਦੋਸ਼ੀਆਂ ਵਿੱਚ ਸਤਿੰਦਰ ਸਿੰਘ ਕੋਹਲੀ (ਐਸ.ਐਸ. ਕੋਹਲੀ ਐਂਡ ਐਸੋਸੀਏਟਸ), ਚਾਰਟਰਡ ਅਕਾਊਂਟੈਂਟ ਵੀ ਸ਼ਾਮਲ ਹੈ, ਜਿਸ ਬਾਰੇ ਈਸ਼ਰ ਸਿੰਘ ਦੀ ਜਾਂਚ ਰਿਪੋਰਟ ਵਿੱਚ ਸਪਸ਼ਟ ਲਿਖਿਆ ਹੈ ਕਿ ਜੇਕਰ ਇਸ ਫ਼ਰਮ ਵੱਲੋਂ ਜ਼ਿੰਮੇਵਾਰੀ ਨਾਲ ਸਮੇਂ ਸਿਰ ਖਾਤਿਆਂ ਦਾ ਕੰਪਿਊਟਰੀਕਰਨ ਕੀਤਾ ਗਿਆ ਹੁੰਦਾ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਗੁੰਮ ਹੋਣ ਦੀ ਘਟਨਾ ਨੂੰ ਟਾਲਿਆ ਜਾ ਸਕਦਾ ਸੀ। ਇਹ ਫ਼ਰਮ ਸਾਲ 2010 ਵਿੱਚ ਸ਼੍ਰੋਮਣੀ ਕਮੇਟੀ ਵਿੱਚ ਬਤੌਰ ਆਡੀਟਰ ਨਿਯੁਕਤ ਹੋਈ ਸੀ ਅਤੇ 2011 ਵਿੱਚ ਡਿਊਟੀ ਜੁਆਇਨ ਕੀਤੀ। ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਨੇ ਮਿਤੀ 11-7-24 ਨੂੰ ਮਤਾ ਨੰਬਰ 1542 ਦੇ ਤਹਿਤ ਇਸ ਫ਼ਰਮ ਵੱਲੋਂ ਦਫ਼ਤਰ ਨੂੰ ਸਮਾਂ ਨਾ ਦੇਣ, ਕਮੇਟੀ ਦੇ ਫ਼ੈਸਲਿਆਂ ਦੀ ਅਣਦੇਖੀ ਕਰਨ, ਅਕਾਊਂਟਸ ਦਾ ਕੰਮ ਠੀਕ ਢੰਗ ਨਾਲ ਨਾ ਕਰਨ ਅਤੇ ਸ਼੍ਰੋਮਣੀ ਕਮੇਟੀ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਵਰਗੇ ਗੰਭੀਰ ਦੋਸ਼ਾਂ ਕਾਰਨ ਇਸ ਦਾ ਕੰਟਰੈਕਟ ਖ਼ਤਮ ਕਰਨ ਦਾ ਫ਼ੈਸਲਾ ਕੀਤਾ। ਪਰ ਹੈਰਾਨੀ ਦੀ ਗੱਲ ਹੈ ਕਿ ਕੁਝ ਹੀ ਦਿਨਾਂ ਬਾਅਦ ਇਸ ਫ਼ਰਮ ਨੂੰ ਮੁੜ ਸ਼੍ਰੋਮਣੀ ਕਮੇਟੀ ਵਿੱਚ ਦਾਖ਼ਲ ਕਰਾ ਲਿਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਪੰਜਾਬ ਦੀ ਧਰਤੀ ਦਾ ਯੋਧਾ-ਪੁੱਤਰ

# ਜਨਰਲ ਮੋਹਨ ਸਿੰਘ ਅਜ਼ਾਦ ਹਿੰਦ ਫੌਜ

## ਅੱਜ ਬਰਸੀ ’ਤੇ ਵਿਸ਼ੇਸ਼

ਅਜਿਹੇ ਵਿਰਲੇ ਯੋਧੇ ਹਨ, ਜਿਨ੍ਹਾਂ ਆਪਣੇ ਜੀਵਨ ਦਾ ਪਲ-ਪਲ ਦੇਸ਼ ਦੀ ਅਜ਼ਾਦੀ ਲਈ ਹੰਢਾਇਆ ਹੋਵੇ । ਪੰਜਾਬ ਦੀ ਧਰਤੀ ਦਾ ਅਜਿਹਾ ਸਪੁੱਤਰ ਹੈ, ਇੰਡੀਅਨ ਨੈਸ਼ਨਲ ਆਰਮੀ ਮੋਢੀ ਜਨਰਲ ਮੋਹਨ ਸਿੰਘ । ਇਸ ਮਹਾਨ ਜਰਨੈਲ ਦਾ ਜਨਮ 1909 ਈ: ਵਿੱਚ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਸਿਆਲਕੋਟ ਦੇ ਪਿੰਡ ਬਦਿਆਣਾ ਆਪਣੇ ਨਾਨਕੇ ਪਿੰਡ ਵਿੱਚ ਹੋਇਆ । ਪਿਤਾ ਜੀ ਸ। ਤਾਰਾ ਸਿੰਘ ਜਨਮ ਤੋਂ ਦੋ ਮਹੀਨੇ ਪਹਿਲਾਂ ਸੰਸਾਰ ਨੂੰ ਅਲਵਿਦਾ ਆਖ ਗਏ । ਇਨ੍ਹਾਂ ਦੀ ਮਾਤਾ ਹੁਕਮ ਕੌਰ ਆਪਣੇ ਸਹੁਰੇ ਪਿੰਡ ਉਗੋਕੇ ਤੋਂ ਪੇਕੇ ਚਲੀ ਗਈ । ਜਨਰਲ ਮੋਹਨ ਸਿੰਘ ਇਥੇ ਹੀ ਪ੍ਰਵਾਨ ਚੜ੍ਹਿਆ । ਦੱਸਵੀਂ ਦੀ ਪੜ੍ਹਾਈ ਤੋਂ ਪਿੱਛੋਂ 1927 ਈ: ਵਿੱਚ ਇਹ ਨੌਜਵਾਨ 18 ਸਾਲ ਦੀ ਉਮਰ ਵਿੱਚ ਭਾਰਤੀ ਫੌਜ ਵਿੱਚ ਭਰਤੀ ਹੋ ਗਿਆ । 1931 ਈ: ਵਿੱਚ ਪੋਟੈਸ਼ਨਲ ਅਫ਼ਸਰ ਚੁਣਿਆ ਗਿਆ । ਆਈ ।ਐੱਮ ।ਏ। ਦੇਹਰਾਦੂਨ ਤੋਂ ਟ੍ਰੇਨਿੰਗ ਕਰਕੇ 1934 ਈ: ਵਿੱਚ ਕਮਿਸ਼ਨ ਪ੍ਰਾਪਤ ਕੀਤਾ । 1939 ਈ: ਵਿੱਚ ਦੂਜਾ ਵਿਸ਼ਵ ਯੁੱਧ ਆਰੰਭ ਹੋ ਗਿਆ । ਉਸ ਸਮੇਂ ਮੋਹਨ ਸਿੰਘ ਕੈਪਟਨ ਬਣ ਚੁੱਕਾ ਸੀ । 1941 ਵਿੱਚ ਮੇਜਰ ਬਣਿਆ, ਨਾਲ ਹੀ ਇਨ੍ਹਾਂ ਦੀ ਬਟਾਲੀਅਨ ਮਲਾਇਆ ਭੇਜ ਦਿੱਤੀ ਗਈ । ਦੂਜੇ ਵਿਸ਼ਵ ਯੁੱਧ ਦੇ ਦੌਰਾਨ 7 ਦਸੰਬਰ, 1941 ਨੂੰ ਜਪਾਨ ਨੇ ਅਮਰੀਕਨ ਏਅਰਬੇਸ ਉੱਤੇ ਹਮਲਾ ਕਰ ਦਿੱਤਾ । ਕੁਝ ਕੁ ਦਿਨਾਂ ਵਿੱਚ ਹੀ ਦੱਖਣ ਪੂਰਬੀ ਏਸ਼ੀਆ ਨੂੰ ਕਾਬੂ ਕਰ ਲਿਆ, ਵੱਡੀ ਗਿਣਤੀ ਵਿੱਚ ਅੰਗ੍ਰੇਜ਼ੀ ਫੌਜ ਨੂੰ ਅਧੀਨ ਕਰ ਲਿਆ । ਇਨ੍ਹਾਂ ਫੌਜੀਆਂ ਵਿੱਚ ਵੱਡੀ ਗਿਣਤੀ ਸਿੱਖ ਸੈਨਿਕਾਂ ਦੀ ਹੀ ਸੀ । ਇਸੇ ਦੌਰਾਨ ਜਪਾਨੀ ਫੌਜ ਦੇ ਅਫਸਰ ਮੇਜਰ ਇਵਾਇਚੀ ਫੁਜੀਵਾਰਾ ਨੇ ਮੋਹਨ ਸਿੰਘ ਨੂੰ ਹਿੰਦੁਸਤਾਨੀ ਕੈਦੀਆਂ ਨਾਲ ਮਿਲਾਇਆ । ਇਸੇ ਦੌਰਾਨ ਹੀ ਏਸ਼ੀਆਈ ਲੋਕਾਂ ਉੱਪਰ ਗੈਰ-ਏਸ਼ੀਆਈ ਵੱਲੋਂ ਕੀਤੇ ਜਬਰ ਦੇ ਵਿਰੁੱਧ ਲਾਮਬੰਦ ਹੋ ਕੇ ਇੰਡੀਅਨ ਨੈਸ਼ਨਲ ਆਰਮੀ ਬਣੀ । ਇਹ ਯੋਜਨਾ 1 ਸਤੰਬਰ, 1942 ਵਿੱਚ ਬਣੀ । ਇਸ ਫੌਜ ਦਾ ਜਨਰਲ ਆਫੀਸਰ ਕਮਾਂਡਿੰਗ ਮੋਹਨ ਸਿੰਘ ਨੂੰ ਬਣਾਇਆ ਗਿਆ।




ਆਵਾਜ਼ਿ ਕੌਮ AWAZE QAUM International Newspaper & WEB TV

ਇਸ ਜ਼ਿੰਮੇਵਾਰੀ ਨੂੰ ਸੰਭਾਲਦਿਆਂ ਜਨਰਲ ਮੋਹਨ ਸਿੰਘ ਨੇ ਆਪਣੇ ਸੀਨੀਅਰ ਅਫ਼ਸਰਾਂ ਨਾਲ ਮਿਲ ਕੇ ਰਾਸ ਬਿਹਾਰੀ ਬੋਸ ਦੀ ਅਗਵਾਈ ਅਧੀਨ ਦੱਖਣ ਪੂਰਬੀ ਏਸ਼ੀਆ ਦੇ ਵੱਡੇ ਖਿੱਤੇ ਦੇ ਹਿੰਦੁਸਤਾਨੀਆਂ ਦੀ ਸੰਸਥਾ ਇੰਡੀਅਨ ਇੰਡੀਪੈਂਡੈਂਸ ਲੀਗ ਰਾਹੀਂ ਜਪਾਨ ਸਰਕਾਰ ਨਾਲ ਸੰਪਰਕ ਕੀਤਾ । ਆਪਣੇ ਅਧੀਨ ਹਿੰਦੁਸਤਾਨੀ ਫੌਜੀਆਂ ਨੂੰ ਪੂਰੀ ਤਰ੍ਹਾਂ ਲਾਮਬੰਦ ਕੀਤਾ । ਪਰ ਇਨ੍ਹਾਂ ਛੇਤੀ ਹੀ ਅਨੁਭਵ ਕਰ ਲਿਆ ਕਿ ਜਪਾਨ ਸਰਕਾਰ ਅਜ਼ਾਦ ਹਿੰਦ ਫੌਜ ਦੀ ਖੁਦਮੁਖਤਾਰੀ ਮੰਨਣ ਲਈ ਤਿਆਰ ਨਹੀਂ, ਕੇਵਲ ਕੱਠਪੁਤਲੀ ਵਜੋਂ ਵਰਤਣਾ ਚਾਹੁੰਦੀ ਹੈ । ਜਨਰਲ ਮੋਹਨ ਸਿੰਘ ਨੂੰ ਇਸ ਸਥਿਤੀ ਵਿੱਚ ਰਹਿਣਾ ਮਨਜ਼ੂਰ ਨਹੀਂ ਸੀ, ਹੁਣ 29 ਦਸੰਬਰ, 1942 ਈ: ਨੂੰ ਜਨਰਲ ਨੂੰ ਗ੍ਰਿਫਤਾਰ ਕਰਕੇ ਸਮਾਟਰਾ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ।

ਹੁਣ ਆਪਣੇ ਜਨਰਲ ਦੀ ਗ੍ਰਿਫਤਾਰੀ ਕਾਰਨ ਅਜ਼ਾਦ ਹਿੰਦ ਫੌਜ ਵਿੱਚ ਪੈਦਾ ਹੋਏ ਰੋਹ ਨੂੰ ਦਬਾਉਣ ਲਈ ਜਪਾਨ ਸਰਕਾਰ ਨੇ ਜਰਮਨੀ ਤੋਂ ਸੁਭਾਸ਼ ਚੰਦਰ ਬੋਸ ਨੂੰ ਮਲਾਇਆ ਬੁਲਾਇਆ ਗਿਆ, ਜੂਨ 1943 ਵਿੱਚ ਹਿੰਦੁਸਤਾਨੀਆਂ ਦੀ ਫੌਜ ਦੀ ਕਮਾਨ ਉਸ ਨੂੰ ਸੰਭਾਲ ਦਿੱਤੀ । ਜਨਰਲ ਮੋਹਨ ਸਿੰਘ ਨੂੰ ਆਪਣੇ ਅਹੁਦੇ ‘ਤੇ ਬਹਾਲ ਕਰ ਦਿੱਤਾ ਗਿਆ । ਇਸ ਤਰ੍ਹਾਂ ਵਿਦੇਸ਼ ਦੀ ਧਰਤੀ ‘ਤੇ ਅਜ਼ਾਦ ਹਿੰਦ ਦੀ ਆਰਜ਼ੀ ਸਰਕਾਰ ਕਾਇਮ ਕਰ ਦਿੱਤੀ । ਪਰ ਲੜਾਈ ਵਿੱਚ ਅੰਗ੍ਰੇਜ਼ ਫੌਜ ਦਾ ਪਲੜਾ ਭਾਰੀ ਹੁੰਦਾ ਗਿਆ । ਇਸੇ ਦੌਰਾਨ ਜਪਾਨ ਉੱਪਰ ਅਮਰੀਕਾ ਉੱਪਰ ਪ੍ਰਮਾਣੂ ਬੰਬ ਸੁੱਟੇ ਜਾਣ ‘ਤੇ ਲੜਾਈ ਦਾ ਪਾਸਾ ਪਲਟ ਗਿਆ । 14 ਅਗਸਤ, 1945 ਨੂੰ ਜਪਾਨ ਨੇ ਆਤਮ-ਸਮਰਪਣ ਕਰ ਦਿੱਤਾ । ਇਧਰ ਮਲਾਇਆ ਅਤੇ ਬਰਮਾ ਪੂਰੀ ਤਰ੍ਹਾਂ ਅੰਗ੍ਰੇਜ਼ ਫੌਜਾਂ ਦੇ ਅਧੀਨ ਹੋ ਚੁੱਕੇ ਸਨ । ਜਨਰਲ ਮੋਹਨ ਸਿੰਘ ਨੂੰ ਆਪਣੇ ਹੋਰ ਸਾਥੀ ਅਫ਼ਸਰਾਂ ਅਤੇ ਵੀਹ ਹਜ਼ਾਰ ਸੈਨਿਕ ਸਮੇਤ ਫੜ ਕੇ ਹਿੰਦੁਸਤਾਨ ਭੇਜ ਦਿੱਤਾ । ਕੁਝ ਕੁ ਮੁੱਖ ਅਫ਼ਸਰਾਂ ਤੋਂ ਬਿਨਾਂ ਬਾਕੀਆਂ ਨੂੰ ਰਿਹਾਅ ਕਰ ਦਿੱਤਾ । 1946 ਵਿੱਚ ਜਨਰਲ ਮੋਹਨ ਸਿੰਘ ਦੀ ਵੀ ਰਿਹਾਈ ਹੋ ਗਈ । ਅਜ਼ਾਦ ਹਿੰਦ ਫੌਜ ਦੀ ਦੇਸ਼-ਭਗਤੀ ਨੂੰ ਸਾਰੇ ਪਾਸਿਆਂ ਤੋਂ ਪ੍ਰਸ਼ੰਸਾ ਮਿਲੀ । 1947 ਈ: ਵਿੱਚ ਦੇਸ਼ ਅਜ਼ਾਦ ਹੋ ਗਿਆ । ਜਨਰਲ ਮੋਹਨ ਸਿੰਘ ਲਹਿੰਦੇ ਪੰਜਾਬ ਨੂੰ ਛੱਡ ਕੇ ਚੜ੍ਹਦੇ ਪੰਜਾਬ ਵਿੱਚ ਆ ਗਿਆ । ਲੁਧਿਆਣੇ ਨੇੜੇ ਜੁਗਿਆਣੇ ਪਿੰਡ ਵਿੱਚ ਜ਼ਮੀਨ ਅਲਾਟ ਹੋਈ । ਸਥਾਈ ਤੌਰ ‘ਤੇ ਇਥੇ ਰਹਿਣਾ ਸ਼ੁਰੂ ਕੀਤਾ । ਪੁਰਾਣੇ ਸਾਥੀਆਂ ਨਾਲ ਮਿਲ ਕੇ 1947 ਈ: ਵਿੱਚ ਦੇਸ਼-ਸੇਵਕ ਸੈਨਾ ਬਣਾਈ । 1948 ਵਿੱਚ ਇਹੋ ਦੇਸ਼ ਸੇਵਕ ਪਾਰਟੀ ਵਿੱਚ ਬਦਲ ਗਈ । 1950 ਈ: ਵਿੱਚ ਆਲ ਇੰਡੀਆ ਫਾਰਵਰਡ ਬਲਾਕ ਵਿੱਚ ਮਿਲ ਕੇ ਜਨਰਲ ਮੋਹਨ ਸਿੰਘ ਇਸ ਦੇ ਚੇਅਰਮੈਨ ਬਣ ਗਏ । 1955 ਈ: ਵਿੱਚ ਆਪ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋ ਗਏ । 1960 ਅਤੇ 1972 ਵਿੱਚ ਦੋ ਵਾਰ ਰਾਜ ਸਭਾ ਦੇ ਮੈਂਬਰ ਬਣੇ । 1976 ਈ: ਵਿੱਚ ਪੰਜਾਬ ਦੇ ਵਿਧਾਇਕ ਵੀ ਬਣੇ । ਰਾਜ ਸਭਾ ਵਿੱਚ ਅਜ਼ਾਦ ਹਿੰਦ ਫੌਜ ਦੇ ਸੈਨਿਕਾਂ ਨੂੰ ਅਜ਼ਾਦੀ ਘੁਲਾਟੀਏ ਐਲਾਨ ਕਰਵਾਇਆ । ਇਹ ਮਹਾਨ ਯੋਧਾ 80 ਸਾਲ ਦੀ ਉਮਰ ਵਿੱਚ 26 ਦਸੰਬਰ, 1989 ਈ: ਨੂੰ ਆਪਣੇ ਪਿੰਡ ਜੁਗਿਆਣਾ ਵਿੱਚ ਸੰਸਾਰ ਦਾ ਸਫ਼ਰ ਮੁਕਾ ਕੇ ਸਦਾ ਦੀ ਨੀਂਦ ਸੌਂ ਗਿਆ । ਇਸ ਯੋਧੇ ਨੂੰ ਸਾਡਾ ਪ੍ਰਣਾਮ।

-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ : 98143-24040



ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ

# ਤਿੰਨ ਰੋਜ਼ਾ ਗੁਰਮਤਿ ਸਮਾਗਮ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਆਰੰਭ



**ਤਲਵੰਡੀ ਸਾਬੋ, 25 ਦਸੰਬਰ (ਗੁਰਜੰਟ ਸਿੰਘ ਨਥੇਹਾ)**-ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੰਜ ਸਿੰਘ ਸਾਹਿਬਾਨ ਦੇ ਆਦੇਸ਼ਾਂ ਮੁਤਾਬਿਕ ਐਤਕੀਂ 27 ਦਸੰਬਰ ਨੂੰ ਮਨਾਏ ਜਾਣ ਦੀ ਲੜੀ ਤਹਿਤ ਅੱਜ ਸਿੱਖ ਕੌਮ ਦੇ ਚੌਥੇ ਤਖਤ, ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਆਖੰਡ ਪਾਠ ਸਾਹਿਬ ਪ੍ਰਕਾਸ਼ ਹੋਣ ਦੇ ਨਾਲ ਹੀ ਤਿੰਨ ਰੋਜ਼ਾ ਗੁਰਮਤਿ ਸਮਾਗਮਾਂ ਦੀ ਰਸਮੀ ਆਰੰਭਤਾ ਹੋ ਗਈ। ਅੱਜ ਤਖਤ ਸਾਹਿਬ ਦੇ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਆਖੰਡ ਪਾਠ ਸਾਹਿਬ ਪ੍ਰਕਾਸ਼ ਕੀਤੇ ਗਏ। ਆਰੰਭਤਾ ਦੀ ਅਰਦਾਸ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਕੀਤੀ। ਆਰੰਭਤਾ ਮਗਰੋਂ ਗੱਲਬਾਤ ਕਰਦਿਆਂ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ’ਚ ਹੀ ਦਸਮੇਸ਼ ਪਿਤਾ ਦਾ ਪ੍ਰਕਾਸ਼ ਪੁਰਬ ਆ ਜਾਣ ਕਰਕੇ ਇਸ ਵਾਰ ਗੁਰਪੁਰਬ ਸਾਦੇ ਢੰਗ ਨਾਲ ਮਨਾਇਆ ਜਾ ਰਿਹਾ ਹੈ। ਉਨਾਂ ਕਿਹਾ ਕਿ ਤਖਤ ਸਾਹਿਬ ਵਿਖੇ ਸੰਗਤਾਂ ਵੱਲੋਂ ਰੋਜ਼ਾਨਾ ਨਾਮ ਸਿਮਰਨ ਕੀਤਾ ਜਾ ਰਿਹਾ ਹੈ ਜੋ ਅੱਗੇ ਵੀ ਜਾਰੀ ਰਹੇਗਾ ਅਤੇ 27 ਦਸੰਬਰ ਨੂੰ ਗੁਰੂ ਸਾਹਿਬ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਤਖਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਦੱਸਿਆ ਕਿ 26 ਦਸੰਬਰ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕਰਕੇ ਆਲੌਕਿਕ ਨਗਰ ਕੀਰਤਨ ਤਖਤ ਸਾਹਿਬ ਤੋਂ ਸਜਾਇਆ ਜਾਵੇਗਾ। ਉਨਾਂ ਨੇ ਸੰਗਤਾਂ ਨੂੰ 27 ਦਸੰਬਰ ਨੂੰ ਸ਼ਹੀਦੀ ਦਿਹਾੜਿਆਂ ਦੇ ਨਾਲ ਨਾਲ ਗੁਰਪੁਰਬ ਸਮਾਗਮਾਂ ਚ ਵੀ ਸ਼ਰਧਾ ਭਾਵਨਾ ਨਾਲ ਹਾਜ਼ਰੀ ਭਰਨ ਦੀ ਅਪੀਲ ਕੀਤੀ। ਆਰੰਭਤਾ ਸਮਾਗਮਾਂ ’ਚ ਤਖਤ ਸਾਹਿਬ ਦੇ ਮੈਨੇਜ਼ਰ ਭਾਈ ਨਰਿੰਦਰਜੀਤ ਸਿੰਘ, ਵਧੀਕ ਹੈੱਡ ਗ੍ਰੰਥੀ ਗਿਆਨੀ ਗੁਰਜੰਟ ਸਿੰਘ, ਭਾਈ ਭੋਲਾ ਸਿੰਘ ਹੀਰੇਵਾਲਾ ਇੰਚਾਰਜ ਧਰਮ ਪ੍ਰਚਾਰ ਸਬ ਆਫਿਸ, ਭਾਈ ਗੁਰਸੇਵਕ ਸਿੰਘ ਕਿੰਗਰਾ ਤੇ ਗੁਰਚਰਨ ਸਿੰਘ ਜੀਦਾ ਦੋਵੇਂ ਮੀਤ ਮੈਨੇਜ਼ਰ ਤਖਤ ਸਾਹਿਬ, ਭਾਈ ਰਵਿੰਦਰ ਸਿੰਘ ਖਾਲਸਾ ਪ੍ਰਿੰਸੀਪਲ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਭਾਈ ਪਰਮਜੀਤ ਸਿੰਘ,ਅਕਾਲੀ ਆਗੂ ਠਾਣਾ ਸਿੰਘ ਚੱਠਾ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਿੱਲੀ ਗੁਰਦੁਆਰਾ ਕਮੇਟੀ ਨੇ ਸਜਾਇਆ ਵਿਸ਼ਾਲ ਨਗਰ ਕੀਰਤਨ



**ਨਵੀਂ ਦਿੱਲੀ, 25 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਬੰਸਦਾਨੀ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਅਰਦਾਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਰਕਾਬਗੰਜ ਸਾਹਿਬ ਤੋਂ ਆਰੰਭ ਹੋਇਆ ਅਤੇ ਸ਼ੰਕਰ ਰੋਡ, ਰਾਜਿੰਦਰ ਨਗਰ, ਪਟੇਲ ਨਗਰ, ਮੋਤੀ ਨਗਰ, ਰਮੇਸ਼ ਨਗਰ, ਕੀਰਤੀ ਨਗਰ, ਰਾਜਾ ਗਾਰਡਨ, ਰਾਜੌਰੀ ਗਾਰਡਨ, ਸੁਭਾਸ਼ ਨਗਰ ਪੈਸੀਫਿਕ ਮਾਲ ਅਤੇ ਤਿਲਕ ਨਗਰ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਐਲ ਬਲਾਕ, ਅਨੰਦ ਵਿਹਾਰ ਹਰੀ ਨਗਰ ਵਿਖੇ ਸਮਾਪਤ ਹੋਇਆ। ਪੰਜ ਪਿਆਰਿਆਂ ਦੀ ਅਗਵਾਈ ਹੇਠ ਆਰੰਭ ਨਗਰ ਕੀਰਤਨ ਵਿਚ ਸੁੰਦਰ ਪਾਲਕੀ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਸਨ। ਨਗਰ ਕੀਰਤਨ ਵਿਚ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿਦਿਆਰਥੀਆਂ, ਦਲ ਪੰਥ ਦੇ ਵੱਖ-ਵੱਖ ਨੁਮਾਇੰਦਿਆਂ, ਨਿਹੰਗ ਸਿੰਘ ਜਥੇਬੰਦੀਆਂ ਸਮੇਤ ਕੀਰਤਨ ਕਰਨ ਵਾਲੇ ਜੱਥੇ ਟੀਮਾਂ ਆਦਿ ਸ਼ਾਮਲ ਸਨ। ਰਸਤੇ ਵਿਚ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਨਗਰ ਕੀਰਤਨ ਦਾ ਗਰਮਜੋਸ਼ੀ ਤੇ ਉਤਸ਼ਾਹ ਨਾਲ ਸਵਾਗਤ ਕੀਤਾ। ਥਾਂ-ਥਾਂ ’ਤੇ ਸੰਗਤਾਂ ਨੇ ਚਾਹ ਪਕੌੜੇ ਤੇ ਖਾਣ ਪੀਣ ਦੀਆਂ ਹੋਰ ਵਸਤਾਂ ਦੇ ਲੰਗਰ ਲਗਾਏ ਹੋਏ ਸਨ। ਦੇਰ ਸ਼ਾਮ ਇਹ ਨਗਰ ਕੀਰਤਨ ਆਪਣੇ ਆਖਰੀ ਪੜਾਅ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਐਲ ਬਲਾਕ ਅਨੰਦ ਵਿਹਾਰ ਹਰੀ ਨਗਰ ਵਿਖੇ ਪਹੁੰਚ ਕੇ ਸਮਾਪਤ ਹੋਇਆ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਦਸਵੇਂ ਪਾਤਸ਼ਾਹ ਨੇ 1699 ਦੀ ਵਿਸਾਖੀ ਨੂੰ ਖਾਲਸਾ ਦੀ ਸਾਜਣਾ ਕਰ ਕੇ ਦੁਨੀਆਂ ਨੂੰ ਇਕ ਮਾਰਸ਼ਲ ਕੌਮ ਦਿੱਤੀ ਹੈ। ਉਹਨਾਂ ਕਿਹਾ ਕਿ ਖਾਲਸਾ ਅਕਾਲ ਪੁਰਖ ਦੀ ਫੌਜ ਹੈ ਜੋ ਨਾ ਸਿਰਫ ਆਪਣੀ ਕੌਮ ਵਾਸਤੇ ਬਲਕਿ ਸਮੁੱਚੀ ਮਨੁੱਖਤਾ ਵਾਸਤੇ ਕੰਮ ਕਰਦੀ ਹੈ ਤੇ ਗੁਰੂ ਦੇ ਦਰਸਾਏ ਮਾਰਗ ’ਤੇ ਚੱਲਦਿਆਂ ਹਮੇਸ਼ਾ ਸਰਬੱਤ ਦੇ ਭਲੇ ਦੀ ਅਰਦਾਸ ਕਰਦੀ ਹੈ। ਉਹਨਾਂ ਕਿਹਾ ਕਿ ਖਾਲਸਾ ਪੰਥ ਦੇ ਮੈਂਬਰ ਅੱਜ ਦੁਨੀਆਂ ਦੇ ਕੋਨੇ-ਕੋਨੇ ਵਿਚ ਮੌਜੂਦ ਹਨ। ਉਹਨਾਂ ਕਿਹਾ ਕਿ ਸਿੱਖ ਕੌਮ ਦੇ ਯੋਧੇ ਸਿਰਫ ਭਾਰਤ ਦੀ ਫੌਜ ਹੀ ਨਹੀਂ ਬਲਕਿ ਵੱਖ-ਵੱਖ ਦੇਸ਼ਾਂ ਦੀ ਫੌਜ ਵਿਚ ਭਰਤੀ ਹੋ ਰਹੇ ਹਨ। ਦੁਨੀਆਂ ’ਤੇ ਸੰਕਟ ਦੀ ਘੜੀ ਵਿਚ ਸਿੱਖ ਕੌਮ ਹਮੇਸ਼ਾ ਮਦਦ ਵਾਸਤੇ ਨਿੱਤਰਦੀ ਹੈ ਤੇ ਲੰਗਰ ਰਾਹੀਂ, ਮੈਡੀਕਲ ਸੇਵਾਵਾਂ ਤੇ ਹੋਰ ਸਹੂਲਤਾਂ ਨਾਲ ਲੋਕਾਂ ਦੀ ਸੇਵਾ ਕਰਦੀ ਹੈ। ਉਹਨਾਂ ਕਿਹਾ ਕਿ ਗੁਰੂ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਉਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗ ਕੇ ਗੁਰਬਾਣੀ ਸਿਮਰਨ ਕਰੀਏ ਅਤੇ ਆਪਣੇ ਗੁਰ ਇਤਿਹਾਸ ਤੋਂ ਆਪਣੀ ਨੌਜਵਾਨ ਪੀੜੀ ਤੇ ਬੱਚਿਆਂ ਨੂੰ ਜਾਣੂ ਕਰਵਾਈਏ। ਇਸ ਮੌਕੇ ’ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਅਹੁਦੇਦਾਰ, ਮੈਂਬਰ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਢਾਡੀ ਬੀਬੀ ਦਲੇਰ ਕੌਰ ਨਾਲ ਕੀਤਾ ਗਿਆ ਦੁਰਵਿਵਹਾਰ ਨਿੰਦਾਜਨਕ : ਬੀਬੀ ਰਣਜੀਤ ਕੌਰ





ਨਵੀਂ ਦਿੱਲੀ 25 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਢਾਡੀਆਂ ਦੀ ਵਿਰਾਸਤ ਦਾ ਬੂੱਟਾ ਮੀਰੀ ਪੀਰੀ ਦੇ ਮਾਲਕ ਛੇਵੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਅਪਣੇ ਹੱਥੀਂ ਲਾਇਆ ਹੈ ਅਤੇ ਢਾਡੀਆਂ ਨੂੰ ਗੁਰੂ ਘਰ ਵਿੱਚ ਨਿਵਾਜਿਆ ਹੈ । ਦਿੱਲੀ ਕਮੇਟੀ ਦੇ ਸੀਨੀਅਰ ਮੈਂਬਰ ਬੀਬੀ ਰਣਜੀਤ ਕੌਰ ਨੇ ਕਿਹਾ ਕਿ ਢਾਡੀ ਕੌਮੀ ਇਤਿਹਾਸ ਅਤੇ ਜਜ਼ਬਾਤਾਂ ਨੂੰ ਬੀਰ ਰਸ ਦੇ ਨਾਲ ਪ੍ਰਸੰਗਾ ਰਾਹੀਂ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਦੇ ਹਨ । ਪੰਥ ਕੌਮ ਦੇ ਢਾਡੀਆਂ ਪ੍ਰਚਾਰਕਾਂ ਤੋ ਇਹ ਹੀ ਸੁਣਦਾ ਆ ਰਿਹਾ ਹੈ ਕਿ ਬਾਬਾ ਜੀਵਨ ਸਿੰਘ ਜੀ ਰੰਘਰੇਟਾ ਸਰਸਾ ਨਦੀ ਦੇ ਕੰਢੇ ਸ਼ਹੀਦ ਹੋ ਗਏ ਸਨ ਅਤੇ ਕਲਗ.ੀਧਰ ਦਸਮੇਸ ਪਿਤਾ ਜੀ ਨੇ ਚਮਕੌਰ ਦੀ ਕੱਚੀ ਗੜੀ ਵਿੱਚ ਕਲਗੀ ਭਾਈ ਸੰਗਤ ਸਿੰਘ ਜੀ ਨੂੰ ਹੀ ਦਿੱਤੀ ਹੈ । ਵਿਦਵਾਨਾਂ ਦਾ ਲਿਖਿਆ ਇਤਹਾਸ ਹੀ, ਬੀਬੀ ਦਲੇਰ ਕੌਰ ਜੀ ਜਾਂ ਬਾਕੀ ਢਾਡੀਆਂ ਨੂੰ ਪਰਾਪਰਤ ਹੋਇਆ ਉਹਨਾ ਨੇ ਅੱਗੇ ਸੰਗਤਾਂ ਨੂੰ ਸਨਾਉਣਾ ਸ਼ੁਰੂ ਕਰ ਦਿੱਤਾ । ਕੌਮ ਵਿੱਚ ਪਹਿਲਾਂ ਹੀ ਬਹੁਤ ਵਿਵਾਦ ਹਨ ਸਾਨੂੰ ਹੋਰ ਵਿਵਾਦ ਖੜੇ ਕਰਨ ਤੋਂ ਬਚਣਾ ਚਾਹੀਦਾ ਹੈ । ਬੀਬੀ ਦਲੇਰ ਕੌਰ ਦਾ ਇਸ ਕਿਸਮ ਦੇ ਮਸਲਿਆਂ ਨੂੰ ਲੈ ਕੇ ਅਪਮਾਨ ਕਰਨਾ ਬਿੱਲਕੁੱਲ ਗਲਤ ਹੈ । ਮਸਾਂ ਤਾਂ ਲੜਕੀਆਂ ਢਾਡੀ ਖੇਤਰ ਵਿੱਚ ਆਉਣ ਲੱਗੀਆਂ ਹਨ ਜੇ ਅਸੀਂ ਉਹਨਾ ਦਾ ਇਸ ਤਰਾ ਅਪਮਾਨ ਕਰਨ ਲੱਗ ਪਏ ਫਿਰ ਕੱਲ ਨੂੰ ਕਿਹੜੀ ਲੜਕੀ ਢਾਡੀ ਖੇਤਰ ਵਿੱਚ ਆਏਗੀ । ਇਸ ਲਈ ਪੰਥ ਵਿਚ ਵਿਵਾਦ ਖੜੇ ਕਰਣ ਵਾਲਿਆਂ ਨੂੰ ਬੇਨਤੀ ਹੈ ਕਿ ਕੌਈ ਵੀਂ ਮਸਲਾ ਹੋਏ ਓਸ ਨੂੰ ਮਿਲ਼ ਬੈਠ ਕੇ ਵਿਚਾਰ ਚਰਚਾ ਕਰਣ ਰਾਹੀਂ ਨਿਬੇੜ ਲੈਣਾ ਚਾਹੀਦਾ ਹੈ ਜੇ ਕਰ ਵਿਚਾਰਾਂ ਰਾਹੀਂ ਨਾ ਨਿਬੜ ਸਕੇ ਫਿਰ ਅਕਾਲ ਤਖਤ ਸਾਹਿਬ ਅੱਗੇ ਮਸਲੇ ਨੂੰ ਪੇਸ਼ ਕਰਨਾ ਚਾਹੀਦਾ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV

### ਜੀ.ਜੀ.ਐਸ ਵਰਲਡ ਸਕੂਲ ਵਿਚ ਸਾਹਿਬਜ਼ਾਦਿਆਂ ਤੇ

# ਮਾਤਾ ਗੁਜਰ ਕੌਰ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਕਰਵਾਏ ਸਮਾਗਮ




ਫ਼ਿਰੋਜ਼ਪੁਰ, 25 ਦਸੰਬਰ (ਮਨੋਹਰ ਲਾਲ) :— ਜੀ.ਜੀ.ਐਸ ਵਰਲਡ ਸਕੂਲ ਮੱਲਾਂਵਾਲਾ ਵਿਖੇ 24 ਦਸੰਬਰ 2025 ਨੂੰ ਸ਼ਹੀਦੀ ਦਿਹਾੜਿਆਂ ਨੂੰ ਮੁੱਖ ਰੱਖਦਿਆਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਮਾਗਮ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਸਮਾਗਮ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਪਾਠੀ ਸਿੰਘਾਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾ ਕੇ ਕੀਤੀ ਗਈ। ਇਸ ਉਪਰੰਤ ਸਕੂਲ ਦੇ ਛੋਟੇ ਬੱਚਿਆਂ ਵੱਲੋਂ ਬਹੁਤ ਹੀ ਸ਼ਰਧਾਪੂਰਵਕ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਕੀਤੇ ਗਏ, ਵਿਦਿਆਰਥੀਆਂ ਵੱਲੋਂ ਵੈਰਾਗਮਈ ਸ਼ਬਦ ਗਾਇਨ ਅਤੇ ਜੋਸ਼ੀਲੀ ਕਵੀਸ਼ਰੀ ਰਾਹੀਂ ਸਾਹਿਬਜ਼ਾਦਿਆਂ ਦੀ ਸੂਰਬੀਰਤਾ ਦਾ ਇਤਿਹਾਸ ਪੇਸ਼ ਕੀਤਾ ਗਿਆ।ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਬਹੁਤ ਹੀ ਭਾਵੁਕ ਕਵਿਤਾਵਾਂ ਪੇਸ਼ ਕੀਤੀਆਂ ਗਈਆਂ, ਜਿਸ ਨੇ ਹਾਜ਼ਰ ਸੰਗਤਾਂ ਨੂੰ ਵੈਰਾਗਮਈ ਕਰ ਦਿੱਤਾ, ਇਸ ਤੋਂ ਬਾਅਦ ਵਿਦਿਆਰਥੀਆਂ ਨੇ ਸਲੋਕ ਮਹੱਲਾ 9ਵਾਂ ਅਤੇ ਸ੍ਰੀ ਅਨੰਦ ਸਾਹਿਬ ਜੀ ਦੇ ਪਾਠ ਕੀਤੇ ਗਏ। ਸਮਾਗਮ ਦੇ ਅੰਤ ਵਿੱਚ ਪਾਠੀ ਸਿੰਘ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ, ਇਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ, ਸਮੂਹ ਸਟਾਫ, ਵਿਦਿਆਰਥੀ, ਮਾਪੇ ਅਤੇ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜਾਦੇ ਅਤੇ ਅਮਰ ਸ਼ਹੀਦ ਬਾਬਾ ਹਿੰਮਤ ਸਿੰਘ ਜੀ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਸਲਾਨਾ ਸ਼ਹੀਦੀ ਸਮਾਗਮ ਅਤੇ ਨਗਰ ਕੀਰਤਨ 31 ਦਸੰਬਰ ਨੂੰ ਅਤੇ ਸਮਾਗਮ 3 ਜਨਵਰੀ ਨੂੰ—ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲੇ



ਫ਼ਿਰੋਜ਼ਪੁਰ, 25 ਦਸੰਬਰ (ਮਨੋਹਰ ਲਾਲ) :— ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦੇ ਅਤੇ ਅਮਰ ਸ਼ਹੀਦ ਬਾਬਾ ਹਿੰਮਤ ਸਿੰਘ ਜੀ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਸਲਾਨਾ ਸ਼ਹੀਦੀ ਸਮਾਗਮ ਅਤੇ ਨਗਰ ਕੀਰਤਨ 31 ਦਸੰਬਰ (17 ਪੋਹ) ਨੂੰ ਅਤੇ ਸਲਾਨਾ ਸਮਾਗਮ 3 ਜਨਵਰੀ (20 ਪੋਹ) ਦਿਨ ਸ਼ਨੀਵਾਰ ਨੂੰ ਕਰਵਾਏ ਜਾ ਰਹੇ ਹਨ।ਇਹ ਜਾਣਕਾਰੀ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲਿਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸ਼ਹੀਦੀ ਸਮਾਗਮ ਅਤੇ ਨਗਰ ਕੀਰਤਨ ਕਰਵਾਏ ਜਾ ਰਹੇ ਹਨ, ਜ਼ੋ ਕਿ ਨਗਰ ਕੀਰਤਨ 31 ਦਸੰਬਰ (17 ਪੋਹ) 2025 ਦਿਨ ਬੁੱਧਵਾਰ ਨਗਰ ਕੀਰਤਨ ਸਜਾਇਆ ਜਾਵੇਗਾ।ਇਹ ਮਹਾਨ ਨਗਰ ਕੀਰਤਨ ਸਵੇਰੇ 8 ਵਜੇ ਗੁਰਦੁਆਰਾ ਛੱਪੜੀ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿਚ 5 ਨਿਸ਼ਾਨ ਅਤੇ ਕੀਰਤਨ ਜਥਿਆਂ ਵੱਲੋਂ ਰਵਾਨਾ ਹੋਵੇਗਾ, ਜ਼ੋ ਕਿ ਦਾਸ ਦੀ ਦੇਖ—ਰੇਖ ਹੇਠ ਚੱਲੇਗਾ। ਇਹ ਵਿਸ਼ਾਲ ਮਹਾਨ ਨਗਰ ਕੀਰਤਨ ਪਿੰਡ ਤੂਤਾਂ ਤੋਂ ਸਾਧਾਂ ਵਾਲਾ, ਘੋਨੀ ਵਾਲਾ, ਡੱਲੇਵਾਲਾ, ਨੱਥਲ ਵਾਲਾ, ਗੋਲੇਵਾਲਾ, ਬੇਗੂ ਵਾਲਾ, ਘੁਗਿਆਣਾ, ਝੋਟੀ ਵਾਲਾ, ਢਿਲਵਾਂ ਖੁਰਦ, ਡੋਡ, ਚੁੱਘੇ ਵਾਲਾ ਤੋਂ ਹੁੰਦਾ ਹੋਇਆ ਗੁਰਦੁਆਰਾ ਛੱਪੜੀ ਸਾਹਿਬ ਨੂੰ ਸਮਾਪਤੀ ਦੀ ਅਰਦਾਸ ਹੋਵੇਗੀ। ਸੰਤ ਬਾਬਾ ਸੁੱਚਾ ਸਿੰਘ ਨੇ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਸਲਾਨਾ ਸ਼ਹੀਦੀ ਸਮਾਗਮ 3 ਜਨਵਰੀ (20 ਪੋਹ) 2026 ਦਿਨ ਸ਼ਨੀਵਾਰ ਨੂੰ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿਚ ਸਿੱਖ ਕੌਮ ਦੇ ਮਹਾਨ ਰਾਗੀ, ਕਥਾਵਾਚਕ, ਕਵੀਸ਼ਰੀ ਅਤੇ ਭਾਰੀ ਗਿਣਤੀ ਵਿਚ ਸੰਤ ਮਹਾਂਪੁਰਸ਼ ਹਾਜ਼ਰੀ ਭਰਨਗੇ। ਇਸ ਮੌਕੇ ਤੇ ਸ੍ਰੀਮਾਨ ਸੰਤ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ ਸਪਰਦਾਇ ਦਲ ਬਾਬਾ ਬਿੱਧੀ ਚੰਦ, ਸੰਤ ਬਾਬਾ ਮਨਵੀਰ ਸਿੰਘ ਨਾਨਕਸਰ ਵਾਲੇ, ਸੰਤ ਬਾਬਾ ਹਰਵਿੰਦਰ ਸਿੰਘ ਰੌਲੀ ਵਾਲੇ, ਬਾਬਾ ਸੁਖਜੀਤ ਸਿੰਘ ਖਾਲਸਾ ਰਾਗੀ ਜਥਾ ਫ਼ਿਰੋਜ਼ਪੁਰ ਵਾਲੇ ਪਹੁੰਚ ਕੇ ਹਾਜ਼ਰੀ ਭਰਨਗੇ। ਇਸ ਮੌਕੇ ਤੇ 2 ਜਨਵਰੀ ਨੂੰ ਅੰਮ੍ਰਿਤ ਸੰਚਾਰ ਕਰਵਾਏ ਜਾ ਰਹੇ ਹਨ। ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲਿਆਂ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ ਸੰਤ ਮਹਾਂਪੁਰਖ ਜਿਨ੍ਹਾਂ ਵਿਚ ਸੰਤ ਬਾਬਾ ਭਗਤ ਮਿਲਖਾ ਸਿੰਘ ਅਰਮਾਨਪੁਰਾ ਵਾਲੇ, ਬਾਬਾ ਦਿਲਬਾਗ ਸਿੰਘ ਆਰਿਫਕੇ, ਬਾਬਾ ਸਤਨਾਮ ਸਿੰਘ ਵਲੀਆ, ਬਾਬਾ ਸੱਜਣ ਸਿੰਘ ਵਾੜਾ ਸ਼ੇਰ ਸਿੰਘ ਵਾਲਾ, ਬਾਬਾ ਜ਼ੋਗਾ ਸਿੰਘ ਤਲਵੰਡੀ ਭਾਈ, ਬਾਬਾ ਦਰਸ਼ਨ ਸਿੰਘ ਬੋਰੀ ਵਾਲੇ, ਸੰਤ ਬਾਬਾ ਸੁੱਚਾ ਸਿੰਘ ਨਾਨਕਸਰ ਛਾਂਗਾ, ਬਾਬਾ ਮਨਜੀਤ ਸਿੰਘ ਗੁਰੂ ਕਾ ਖੂਹ ਮੁਕਤਸਰ, ਬਾਬਾ ਕਰਨੈਲ ਸਿੰਘ ਹਜ਼ੂਰ ਸਾਹਿਬ ਵਾਲੇ, ਮਹੰਤ ਹਰਪ੍ਰੀਤ ਸਿੰਘ ਗੋਲੇਵਾਲਾ, ਭਾਈ ਰਛਪਾਲ ਸਿੰਘ ਝੋਕ ਮੋਹੜੇ ਦਮਦਮੀ ਟਕਸਾਲ, ਬਾਬਾ ਹਰਭਜਨ ਸਿੰਘ ਜੰਡ ਸਾਹਿਬ, ਭਾਈ ਅਮਨਦੀਪ ਸਿੰਘ, ਭਾਈ ਦਲਜੀਤ ਸਿੰਘ ਚੰਨੀਆਂ (ਦਲ ਬਾਬਾ ਬਿੱਧੀ ਚੰਦ), ਸਮੂਹ ਪ੍ਰਬੰਧਕ ਕਮੇਟੀ ਪ੍ਰਧਾਨ ਗੁਰਵਿੰਦਰ ਸਿੰਘ ਅਤੇ ਬਾਬਾ ਵਿਰਸਾ ਸਿੰਘ ਗੁਰਦੁਆਰਾ ਛਾਉਣੀ ਸ਼ਹਿਰ ਗਿਆਨੀ ਸੁਖਦੇਵ ਸਿੰਘ ਦਮਦਮੀ ਟਕਸਾਲ ਪਤਰਾਣਾ, ਬਾਬਾ ਪੂਰਨ ਸਿੰਘ ਝੋਕ ਹਰੀਹਰ ਵਾਲੇ, ਬਾਬਾ ਅਜੀਤਪਾਲ ਸਿੰਘ ਪਾਲੀ ਨਾਨਕਸਰ ਗੋਬਿੰਦ ਨਗਰ, ਬਾਬਾ ਕਰਨੈਲ ਸਿੰਘ ਸਾਦਿਕ ਵਾਲੇ, ਭਾਈ ਪ੍ਰਭਜੀਤ ਸਿੰਘ ਡੱਬਵਾਲੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸੰਤ ਮਹਾਂਪੁਰਖ ਪਹੁੰਚ ਕੇ ਹਾਜ਼ਰੀ ਭਰਨਗੇ। ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲਿਆਂ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਵਿਸ਼ਾਲ ਨਗਰ ਕੀਰਤਨ ਵਿਚ ਵਾਹਿਗੁਰੂ ਜੀ ਵੱਲੋਂ ਦਿੱਤੇ ਆਪਣੇ—ਆਪਣੇ ਵਹੀਕਲ ਲੈ ਕੇ ਭਾਰੀ ਗਿਣਤੀ ਵਿਚ ਪਹੁੰਚੋ ਅਤੇ 2 ਜਨਵਰੀ ਨੂੰ ਭਾਰੀ ਗਿਣਤੀ ਵਿਚ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ ਅਤੇ ਤਿੰਨ ਜਨਵਰੀ ਨੂੰ ਸਲਾਨਾ ਸ਼ਹੀਦੀ ਸਮਾਗਮ ਵਿਚ ਪਹੁੰਚ ਕੇ ਸੰਤਾਂ ਮਹਾਂਪੁਰਖਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਓ। ਸਟੇਜ਼ ਦੀ ਸੇਵਾ ਭਾਈ ਹਰਜੀਤ ਸਿੰਘ ਤੂਤ ਨਿਭਾਉਣਗੇ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਏ ਜਾਣਗੇ।

# ਪੀ ਬੀ ਐੱਸ ਮੌਲ ਚੌਕ ਮਹਿਤਾ ਵਾਲਿਆਂ ਵੱਲੋਂ ਮਹਾਨ ਨਗਰ ਕੀਰਤਨ ਦਾ ਕੀਤਾ ਨਿੱਘਾ ਸਵਾਗਤ



**ਚੌਕ ਮਹਿਤਾ, 25 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਪਾਵਨ ਅਵਤਾਰ ਦਿਹਾੜੇ ਨੂੰ ਸਮਰਪਿਤ ਦਮਦਮੀ ਟਕਸਾਲ ਜਥਾ ਭਿੰਡਰਾਂ ਚੌਕ ਮਹਿਤਾ ਤੋਂ ਸੱਜੇ ਮਹਾਨ ਨਗਰ ਕੀਰਤਨ ਦਾ ਨਿੱਘਾ ਸਵਾਗਤ ਕਰਦੇ ਹੋਏ ਪੀ ਬੀ ਐੱਸ ਮੌਲ ਚੌਕ ਮਹਿਤਾ ਦੇ ਮਾਲਕ ਬਲਕਾਰ ਸਿੰਘ ਬਾਠ ਮੱਤੇਵਾਲ, ਪਰਮਜੀਤ ਸਿੰਘ ਬਾਠ ਮੱਤੇਵਾਲ, ਸਤਨਾਮ ਸਿੰਘ ਬਾਠ ਮੱਤੇਵਾਲ ਨੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਸੁੰਦਰ ਰੁਮਾਲਾ ਸਾਹਿਬ ਅਤੇ ਪੰਜ ਪਿਆਰਿਆਂ ਸਾਹਿਬਾਨ ਨੂੰ ਸਿਰਪਾਓ ਅਤੇ ਵਾਸਤੇ ਚਾਹ ਅਤੇ ਪਕੌੜਿਆਂ ਦਾ ਖੁੱਲ੍ਹਾ ਲੰਗਰ ਲਗਾਇਆ ਗਿਆ। ਇਸ ਮੌਕੇ ਤੇ ਦਮਦਮੀ ਟਕਸਾਲ ਜਥਾ ਭਿੰਡਰਾਂ ਚੌਕ ਮਹਿਤਾ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਵੱਲੋਂ ਪੀ ਬੀ ਐੱਸ ਮੌਲ ਦੇ ਮਾਲਕ ਬਲਕਾਰ ਸਿੰਘ ਬਾਠ ਮੱਤੇਵਾਲ, ਪਰਮਜੀਤ ਸਿੰਘ ਬਾਠ ਮੱਤੇਵਾਲ, ਸਤਨਾਮ ਸਿੰਘ ਬਾਠ ਮੱਤੇਵਾਲ ਨੂੰ ਸਨਮਾਨਿਤ ਕਰਦੇ ਹੋਏ ਗਿਆਨੀ ਸਾਹਿਬ ਸਿੰਘ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਬੁੱਟਰ, ਜਥੇਦਾਰ ਬਾਬਾ ਬੋਹੜ ਸਿੰਘ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## ਚਾਰੇ ਸਾਹਿਬਜ਼ਾਦਿਆਂ ਤੇ ਮੋਤੀ ਰਾਮ ਮਹਿਰਾ ਦੀ ਯਾਦ ’ਚ ਤਲਵੰਡੀ ਸਾਬੋ ’ਚ ਦੁੱਧ ਦਾ ਲੰਗਰ ਲਗਾਇਆ



ਤਲਵੰਡੀ ਸਾਬੋ, 25 ਦਸੰਬਰ (ਗੁਰਜੰਟ ਸਿੰਘ ਨਥੇਹਾ)– ਚਾਰੇ ਸਾਹਿਬਜ਼ਾਦਿਆਂ ਅਤੇ ਮੋਤੀ ਰਾਮ ਮਹਿਰਾ ਦੀ ਅਮਰ ਸ਼ਹਾਦਤ ਨੂੰ ਸਮਰਪਿਤ ਤਲਵੰਡੀ ਸਾਬੋ ਵਿੱਚ ਕਾਂਗਰਸ ਪਾਰਟੀ ਦੀ ਸਥਾਨਕ ਟੀਮ ਅਤੇ ਹਲਕਾ ਇੰਚਾਰਜ ਖੁਸ਼ਬਾਜ ਸਿੰਘ ਜਟਾਣਾ ਦੀ ਅਗਵਾਈ ਹੇਠ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਪਾਰਟੀ ਆਗੂਆਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਮੇਲ ਸਿੰਘ ਗੇਲੀ, ਬਲਾਕ ਪ੍ਰਧਾਨ ਕ੍ਰਿਸ਼ਨ ਸਿੰਘ ਭਾਗੀਵਾਂਦਰ, ਸੁਖਦੇਵ ਸ਼ਰਮਾ ਬਹਿਮਣ, ਚਮਕੌਰ ਸਿੰਘ ਜੌੜਕੀਆਂ, ਮਨਪ੍ਰੀਤ ਸਿੰਘ ਸੰਗਤ, ਸਾਬਕਾ ਸਰਪੰਚ ਮੰਦਰ ਸਿੰਘ ਮੈਨੂਆਣਾ ਅਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦੇ ਹੋਏ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਸਿਰ ਨਿਵਾ ਕੇ ਯਾਦ ਕੀਤਾ। ਇਸ ਮੌਕੇ ਜਗਤਾਰ ਸਿੰਘ ਮੈਨੂਆਣਾ ਨੇ ਕਿਹਾ ਕਿ ਚਾਰੇ ਸਾਹਿਬਜ਼ਾਦਿਆਂ ਅਤੇ ਮੋਤੀ ਰਾਮ ਮਹਿਰਾ ਦੀ ਸ਼ਹਾਦਤ ਸਿੱਖ ਇਤਿਹਾਸ ਦਾ ਅਮਿੱਟ ਅਧਿਆਇ ਹੈ, ਜੋ ਸਾਨੂੰ ਸੱਚ, ਧਰਮ ਅਤੇ ਇਨਸਾਨੀਅਤ ਲਈ ਅਡਿੱਗ ਰਹਿਣ ਦੀ ਪ੍ਰੇਰਨਾ ਦਿੰਦਾ ਹੈ। ਬਲਾਕ ਪ੍ਰਧਾਨ ਕ੍ਰਿਸ਼ਨ ਸਿੰਘ ਭਾਗੀਵਾਂਦਰ ਨੇ ਕਿਹਾ ਕਿ ਅਜਿਹੇ ਲੰਗਰਾਂ ਰਾਹੀਂ ਸੇਵਾ, ਸਮਰਪਣ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਜਾਂਦਾ ਹੈ। ਦੁੱਧ ਦਾ ਲੰਗਰ ਸ਼ਰਧਾ ਅਤੇ ਸੇਵਾ ਭਾਵ ਨਾਲ ਆਉਣ–ਜਾਣ ਵਾਲੇ ਰਾਹਗੀਰਾਂ ਅਤੇ ਸ਼ਰਧਾਲੂਆਂ ਨੂੰ ਵਰਤਾਇਆ ਗਿਆ। ਸਮਾਗਮ ਸ਼ਾਂਤੀਪੂਰਵਕ ਢੰਗ ਨਾਲ ਸੰਪੰਨ ਹੋਇਆ ਅਤੇ ਲੋਕਾਂ ਵੱਲੋਂ ਇਸ ਉਪਰਾਲੇ ਦੀ ਖੂਬ ਸਰਾਹਨਾ ਕੀਤੀ ਗਈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਪੰਜਾਬ ’ਚ ਇਕ ਹੋਰ ਐਨਕਾਊਂਟਰ !

**ਪਟਿਆਲਾ, 25 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਤੋਂ ਬਾਅਦ ਹੁਣ ਪਟਿਆਲਾ ਵਿਚ ਡਕਾਲਾ ਰੋਡ ’ਤੇ ਪੰਜਾਬ ਪੁਲਸ ਵੱਲੋਂ ਵੱਡਾ ਐਨਕਾਊਂਟਰ ਕਰਨ ਦੀ ਖ਼ਬਰ ਸਾਹਮਣੇ ਆਈ ਹੈ। ਪੁਲਸ ਨੇ ਪੰਜਾਬ ਪੁਲਸ ਦੀ ਗੈਂਗਸਟਰਾਂ ਅਤੇ ਆਰਗਨਾਈਜ਼ਡ ਕ੍ਰਾਈਮ ਵਿਰੁੱਧ ਜ਼ੀਰੋ–ਟੌਲਰੈਂਸ ਨੀਤੀ ਤਹਿਤ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਪਟਿਆਲਾ ਵਿਖੇ ਪੰਜਾਬ ਪੁਲਸ ਦਾ ਲੱਕੀ ਪਟਿਆਲ ਗੈਂਗ ਨਾਲ ਜੁੜੇ ਇਕ ਸ਼ੂਟਰ ਨਾਲ ਮੁਕਾਬਲਾ ਹੋਇਆ, ਜਿਸ ਵਿੱਚ ਦੋਸ਼ੀ ਜਵਾਬੀ ਗੋਲ਼ੀਬਾਰੀ ਵਿੱਚ ਜ਼ਖ਼ਮੀ ਹੋ ਗਿਆ। ਘਟਨਾ ਤੋਂ ਬਾਅਦ ਐੱਸ. ਐੱਸ. ਪੀ. ਪਟਿਆਲਾ ਮੌਕੇ ’ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ ਪੁਲਸ ਅਧਿਕਾਰੀਆਂ ਅਨੁਸਾਰ ਇਹ ਕਾਰਵਾਈ ਪੰਜਾਬ ਡੀ. ਜੀ. ਪੀ. ਦੀ ਸਪੱਸ਼ਟ ਨੀਤੀ ਮੁਤਾਬਕ ਹੈ, ਜਿਸ ਤਹਿਤ ਸੰਗਠਿਤ ਅਪਰਾਧ ਵਿੱਚ ਸ਼ਾਮਲ ਗੈਂਗਸਟਰਾਂ ਅਤੇ ਅਪਰਾਧੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਸੀ. ਆਈ. ਏ. ਪਟਿਆਲਾ ਦੇ ਇੰਚਾਰਜ SP-D ਗੁਰਬੰਤ ਸਿੰਘ ਬੈਂਸ, ਸੀ. ਆਈ. ਏ. ਸਮਾਣਾ ਦੇ ਇੰਚਾਰਜ ਇੰਸਪੈਕਟਰ ਪ੍ਰਦੀਪ ਬਾਜਵਾ ਅਤੇ ਸੀ. ਆਈ. ਏ. ਰਾਜਪੁਰਾ ਦੀਆਂ ਟੀਮਾਂ ਨੇ ਮਿਲ ਕੇ ਦੋ ਬਹੁਤ ਗੰਭੀਰ ਮਾਮਲਿਆਂ ਨੂੰ ਹੱਲ ਕੀਤਾ ਹੈ। ਪਹਿਲਾ ਮਾਮਲਾ ਰਾਜਪੁਰਾ ਵਿੱਚ “ਭਰਾਵਾਂ ਦਾ ਢਾਬਾ” ਦੇ ਮਾਲਕ ’ਤੇ ਗੋਲ਼ੀਬਾਰੀ ਦਾ ਸੀ, ਜਿੱਥੇ ਲੱਕੀ ਪਟਿਆਲ ਗੈਂਗ ਵੱਲੋਂ ਵੱਡੀ ਫਿਰੌਤੀ ਦੀ ਮੰਗ ਕੀਤੀ ਗਈ ਸੀ। ਦੂਜਾ ਮਾਮਲਾ ਪਾਤੜਾਂ ਇਲਾਕੇ ਵਿੱਚ ਇਕ ਐੱਨ. ਆਰ. ਆਈ. ਪਰਿਵਾਰ ਦੇ ਫਾਰਮ ਹਾਊਸ ’ਤੇ ਗੋਲ਼ੀਬਾਰੀ ਅਤੇ ਫਿਰੌਤੀ ਦੀ ਮੰਗ ਨਾਲ ਸਬੰਧਤ ਸੀ। ਦੋਵਾਂ ਘਟਨਾਵਾਂ ਤੋਂ ਬਾਅਦ ਪੁਲਸ ਟੀਮਾਂ ਲਗਾਤਾਰ ਮੁਲਜ਼ਮਾਂ ਦੀ ਭਾਲ ਕਰ ਰਹੀਆਂ ਸਨ। ਪੁਲਸ ਟੀਮਾਂ ਨੂੰ ਸੂਚਨਾ ਮਿਲੀ ਸੀ ਕਿ ਇਨ੍ਹਾਂ ਮਾਮਲਿਆਂ ’ਚ ਸ਼ਾਮਲ ਮਨਪ੍ਰੀਤ ਸਿੰਘ ਉਰਫ਼ ਮੰਨਾ, ਜ਼ਿਲ੍ਹਾ ਮੋਗਾ ਦੇ ਕੋਟ ਈਸੇ ਖਾਂ ਦਾ ਰਹਿਣ ਵਾਲਾ ਇਲਾਕੇ ਵਿੱਚ ਮੌਜੂਦ ਹੈ। ਜਦੋਂ ਪੁਲਸ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਮੁਲਜ਼ਮ ਨੇ ਪੁਲਸ ਪਾਰਟੀ ’ਤੇ ਦੋ ਤੋਂ ਤਿੰਨ ਗੋਲ਼ੀਆਂ ਚਲਾਈਆਂ। ਪੁਲਸ ਦੀ ਜਵਾਬੀ ਕਾਰਵਾਈ ’ਚ ਮੁਲਜ਼ਮ ਜ਼ਖ਼ਮੀ ਹੋ ਗਿਆ। ਉਸ ਨੂੰ ਤੁਰੰਤ ਇਲਾਜ ਲਈ ਸਰਕਾਰੀ ਹਸਪਤਾਲ ਪਟਿਆਲਾ ’ਚ ਦਾਖ਼ਲ ਕਰਵਾਇਆ ਗਿਆ। ਰਾਹਤ ਦੀ ਗੱਲ ਇਹ ਹੈ ਕਿ ਇਸ ਮੁਕਾਬਲੇ ’ਚ ਕੋਈ ਵੀ ਪੁਲਸ ਕਰਮਚਾਰੀ ਜ਼ਖ਼ਮੀ ਨਹੀਂ ਹੋਇਆ। ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਦੋਸ਼ੀ ਵਿਰੁੱਧ ਪਹਿਲਾਂ ਹੀ ਤਿੰਨ ਤੋਂ ਚਾਰ ਅਪਰਾਧਿਕ ਮਾਮਲੇ ਦਰਜ ਹਨ। ਪੁਲਸ ਵੱਲੋਂ ਮੁਲਜ਼ਮ ਤੋਂ ਇਕ ਪਿਸਤੌਲ ਬਰਾਮਦ ਕੀਤੀ। ਅਪਰਾਧਾਂ ’ਚ ਵਰਤਿਆ ਗਿਆ ਇਕ ਚੋਰੀ ਦਾ ਮੋਟਰਸਾਈਕਲ ਵੀ ਜ਼ਬਤ ਕੀਤਾ ਗਿਆ ਹੈ।



## ਗੁਰੂ ਸਾਹਿਬਾਨ ਦੀ ਸ਼ਹਾਦਤ ਨੇ 'ਸੀਸ ਦੀਆ ਪਰ ਸਿਦਕ ਨਾ ਦੀਆ' ਦੀ ਲਾਸਾਨੀ ਮਿਸਾਲ ਕਾਇਮ ਕੀਤੀ - ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਖਾਲਸਾ

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 40ਵਾਂ ਨਗਰ ਕੀਰਤਨ ਪਿੰਡ ਰੋਡੇ ਵਿਖੇ ਸਜਾਇਆ ਗਿਆ











(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

**ਸਮਾਲਸਰ, 25 ਦਸੰਬਰ (ਭੁਪਿੰਦਰ ਸਿੰਘ/ਸੁਰਿੰਦਰ ਸਿੰਘ ਮਠਾੜੂ)**-ਇੰਟਰਨੈਸ਼ਨਲ ਪੰਥਕ ਦਲ ਵੱਲੋਂ ਪੰਜਾਬ ਭਰ ਵਿੱਚ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਪਿੰਡ ਰੋਡੇ ਤੋਂ 28 ਸਤੰਬਰ ਨੂੰ ਸ਼ੁਰੂ ਕੀਤੀ ਗਈ 40 ਨਗਰ ਕੀਰਤਨਾਂ ਦੀ ਲੜੀ ਦਾ ਆਖਰੀ 40ਵਾਂ ਵਿਸ਼ਾਲ ਨਗਰ ਕੀਰਤਨ ਅੱਜ ਵੀਹਵੀਂ ਸਦੀ ਦੇ ਮਹਾਨ ਸਿੱਖ ਯੋਧੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੇ ਜਨਮ ਸਥਾਨ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਤੋਂ ਅਰੰਭ ਹੋ ਕੇ ਸਮੁੱਚੇ ਨਗਰ ਰੋਡੇ ਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਪਰਿਕਰਮਾ ਕਰਕੇ ਅਰਦਾਸ ਉਪ੍ਰੰਤ ਸਮਾਪਤ ਕੀਤਾ ਗਿਆ।

ਇਹ ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਖਾਲਸਾ ਦੀ ਅਗਵਾਈ ਵਿੱਚ ਸੰਪੂਰਨ ਹੋਇਆ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਰਹਿਨੁਮਾਈ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਗਏ ਇਸ ਨਗਰ ਕੀਰਤਨ ਵਿੱਚ ਫੁੱਲਾਂ ਨਾਲ ਸਜੀ ਸੁੰਦਰ ਪਾਲਕੀ ਵਿੱਚ ਸੁਸ਼ੋਭਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਲਈ ਵੱਡੀ ਗਿਣਤੀ ਸਿੱਖ ਸੰਗਤਾਂ ਸਾਰਾ ਦਿਨ ਨਾਲ ਚੱਲਦਿਆਂ 'ਸਤਿਨਾਮ ਵਾਹਿਗੁਰ' ਦਾ ਜਾਪ ਕਰਦੀਆਂ ਹਾਜ਼ਰੀ ਭਰਦੀਆਂ ਰਹੀਆਂ। ਸਮੁੱਚੇ ਨਗਰ ਦੀ ਸੰਗਤ ਵੱਲੋਂ ਨਗਰ ਕੀਰਤਨ ਦੇ ਸਵਾਗਤ ਲਈ ਥਾਂ-ਥਾਂ ਸਵਾਗਤੀ ਗੇਟ ਲਗਾਏ ਗਏ, ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਸੰਗਤਾਂ ਦੇ ਸਤਿਕਾਰ ਵਜੋਂ ਦੁੱਧ, ਚਾਹ, ਪਕੌੜੇ ਸਮੇਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਨਗਰ ਕੀਰਤਨ ਦੌਰਾਨ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਰੋਡੇ ਨੇ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸਿੱਖ ਇਤਿਹਾਸ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਾਨ ਸ਼ਹਾਦਤ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਧਰਮ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਗੁਰੂ ਸਾਹਿਬ ਨੇ ਆਪਣਾ ਸੀਸ ਦੇ ਕੇ 'ਸੀਸ ਦੀਆ ਪਰ ਸਿਦਕ ਨਾ ਦੀਆ' ਦੀ ਲਾਸਾਨੀ ਮਿਸਾਲ ਕਾਇਮ ਕੀਤੀ। ਉਨ੍ਹਾਂ ਕਿਹਾ ਕਿ ਦਸਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਘਰ ਦੀ ਇਸ ਸ਼ਹੀਦੀ ਪਰੰਪਰਾ ਨੂੰ ਅੱਗੇ ਵਧਾਉਂਦਿਆਂ ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਜ਼ੁਲਮ ਦੇ ਵਿਰੁੱਧ ਡਟ ਕੇ ਖੜ੍ਹਨ ਦਾ ਸੰਦੇਸ਼ ਦਿੱਤਾ, ਇਸ ਦੇ ਨਾਲ ਹੀ ਉਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਜੀ ਦੀ ਅਟੱਲ ਸ਼ਹਾਦਤ ਨੂੰ ਯਾਦ ਕਰਦਿਆਂ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦੀਆਂ ਨੇ ਸਿੱਖ ਕੌਮ ਨੂੰ ਸੱਚ, ਸਬਰ ਅਤੇ ਕੁਰਬਾਨੀ ਦੇ ਰਾਹ 'ਤੇ ਅਡੋਲ ਰਹਿਣ ਦੀ ਪ੍ਰੇਰਣਾ ਦਿੱਤੀ ਹੈ। ਸਿੰਘ ਸਾਹਿਬ ਨੇ ਕਿਹਾ ਕਿ ਹਰ ਇੱਕ ਪਰਿਵਾਰ ਦਾ ਹਰੇਕ ਜੀਅ ਪੋਹ ਦੇ ਸ਼ਹੀਦੀ ਮਹੀਨੇ ਦੌਰਾਨ ਜਪੁਜੀ ਸਾਹਿਬ ਦਾ ਇੱਕ ਪਾਠ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰੇ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਨਗਰ ਕੀਰਤਨ ਦੀ ਸਮਾਪਤੀ 'ਤੇ ਸੰਗਤਾਂ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦਿਆਂ ਅਰਦਾਸ ਕੀਤੀ ਅਤੇ ਸ਼ਹੀਦਾਂ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਸੰਕਲਪ ਲਿਆ। ਇਹਨਾਂ ਨਗਰ ਕੀਰਤਨਾਂ ਵਿੱਚ ਭਾਈ ਹਰਚੰਦ ਸਿੰਘ ਚੱਕਰ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ, ਜਥੇਦਾਰ ਦਲੀਪ ਸਿੰਘ ਚਕਰ, ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ, ਭਾਈ ਜਗਤਾਰ ਸਿੰਘ ਰੋਡੇ ਮੈਂਬਰ ਸ਼੍ਰੋਮਣੀ ਕਮੇਟੀ, ਸੰਤ ਬਾਬਾ ਜਤਿੰਦਰ ਸਿੰਘ ਗੋਬਿੰਦ ਬਾਗ ਕਾਰਜਕਾਰੀ ਪ੍ਰਧਾਨ, ਬਾਬਾ ਸੱਜਣ ਸਿੰਘ ਵਾੜਾ ਸ਼ੇਰ ਸਿੰਘ, ਕੈਪਟਨ ਹਰਚਰਨ ਸਿੰਘ ਰੋਡੇ ਦੇ ਸਪੁੱਤਰ ਭਾਈ ਤਰਲੋਚਨ ਸਿੰਘ ਰੋਡੇ ਯੂਐਸਏ, ਭਾਈ ਹਰਪਾਲ ਸਿੰਘ ਰੋਡੇ, ਬਾਬਾ ਬਲਵਿੰਦਰ ਸਿੰਘ ਰੋਡੇ ਹੈਡ ਗ੍ਰੰਥੀ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ, ਭਾਈ ਹਰਦਿਆਲ ਸਿੰਘ ਰੋਡੇ ਭਤੀਜਾ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ, ਭਾਈ ਰਜਿੰਦਰ ਸਿੰਘ ਰਾਜਾ ਪ੍ਰਧਾਨ ਗੁਰਦਾਸਪੁਰ, ਭਾਈ ਜਗਸੀਰ ਸਿੰਘ ਰੋਡੇ ਸੀਨੀਅਰ ਮੀਤ ਪ੍ਰਧਾਨ, ਗਿਆਨੀ ਸੁਖਜਿੰਦਰ ਸਿੰਘ ਜਿਲ੍ਹਾ ਪ੍ਰਧਾਨ ਫਰੀਦਕੋਟ, ਭਾਈ ਨੈਬ ਸਿੰਘ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਫਰੀਦਕੋਟ, ਭਾਈ ਬੂਟਾ ਸਿੰਘ ਮਲਕ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਭਾਈ ਜਰਨੈਲ ਸਿੰਘ ਮਲਕ ਜਨਰਲ ਸਕੱਤਰ, ਬਾਬਾ ਸੁਰਿੰਦਰ ਪਾਲ ਸਿੰਘ ਹਵਾਸ, ਭਾਈ ਗੁਰਪ੍ਰੀਤ ਸਿੰਘ ਸੇਖਾ ਪ੍ਰਧਾਨ ਬਰਨਾਲਾ, ਭਾਈ ਗੁਰਤੇਜ ਸਿੰਘ ਭੈਣੀ, ਭਾਈ ਮੱਸਾ ਸਿੰਘ ਪ੍ਰਧਾਨ ਤਰਨ ਤਾਰਨ, ਭਾਈ ਵਜ਼ੀਰ ਸਿੰਘ ਵਾਂ ਪਿੰਡ ਵਾਲੇ, ਭਾਈ ਕਾਰਜ ਸਿੰਘ ਡਲੀਰੀ ਪ੍ਰਧਾਨ ਕਿਸਾਨ ਵਿੰਗ ਤਰਨ ਤਾਰਨ, ਮੈਨੇਜਰ ਸੁਖਜਿੰਦਰ ਸਿੰਘ ਫਰੀਦਕੋਟ, ਡਾਕਟਰ ਗੋਮਾ ਸਿੰਘ ਜਨਰਲ ਸਕੱਤਰ ਕਿਸਾਨ ਵਿੰਗ, ਬਾਬਾ ਸਤਨਾਮ ਸਿੰਘ ਵਲੀਆ ਪ੍ਰਧਾਨ ਧਾਰਮਿਕ ਵਿੰਗ, ਭਾਈ ਮਲਕੀਤ ਸਿੰਘ ਜਿਲ੍ਹਾ ਪ੍ਰਧਾਨ, ਭਾਈ ਬਲਵੀਰ ਸਿੰਘ ਲੱਧਾ ਮੁੰਡਾ ਪ੍ਰਧਾਨ ਕਿਸਾਨ ਵਿੰਗ ਗੁਰਦਾਸਪੁਰ, ਭਾਈ ਗੁਰਪਿਆਰ ਸਿੰਘ, ਭਾਈ ਜੱਸਾ ਸਿੰਘ ਪ੍ਰਧਾਨ ਫੱਤਣ ਵਾਲਾ, ਭਾਈ ਬਲਜੀਤ ਸਿੰਘ ਡਲੀਰੀ, ਭਾਈ ਦਇਆ ਸਿੰਘ ਅਲਗੋ ਕੋਠੀ, ਭਾਈ ਜਸਵੰਤ ਸਿੰਘ ਭਤੀਜਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਬਲਜਿੰਦਰ ਸਿੰਘ ਗਗਨਾ ਸਰਪੰਚ ਰੋਡੇ, ਭਾਈ ਪਰਮਜੀਤ ਸਿੰਘ ਧੀਰਾ ਦੀ ਪਤਨੀ ਬੀਬੀ ਜਸਪਾਲ ਕੌਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਜਥੇਦਾਰ ਜੋਗਿੰਦਰ ਸਿੰਘ ਫਿਰੋਜ਼ਪੁਰ ਮੀਤ ਪ੍ਰਧਾਨ ਧਾਰਮਿਕ ਵਿੰਗ, ਭਾਈ ਹਰਪ੍ਰੀਤ ਸਿੰਘ ਰੋਡੇ ਪੰਚ, ਜਥੇਦਾਰ ਬੂਟਾ ਸਿੰਘ, ਭਾਈ ਅੰਮ੍ਰਿਤਪਾਲ ਸਿੰਘ ਛੱਜਾਂਵਾਲ, ਭਾਈ ਗੁਰਸੇਵਕ ਸਿੰਘ ਛੱਜਾਂਵਾਲ, ਭਾਈ ਮੁਕੰਦ ਸਿੰਘ ਚਕਰ, ਬਾਬਾ ਫਤਿਹ ਸਿੰਘ, ਬਾਬਾ ਅਜੀਤ ਸਿੰਘ, ਬਾਬਾ ਅਮਨਦੀਪ ਸਿੰਘ, ਬਾਬਾ ਮਨਜੀਤ ਸਿੰਘ, ਬਾਬਾ ਸੁਖਦੇਵ ਸਿੰਘ, ਭਾਈ ਜਗਸੀਰ ਸਿੰਘ ਪੰਚ, ਭਾਈ ਗੁਰਜਿੰਦਰ ਸਿੰਘ ਪ੍ਰਧਾਨ, ਬਾਬਾ ਬੇਅੰਤ ਸਿੰਘ, ਬਾਬਾ ਲੱਖਾ ਸਿੰਘ ਪ੍ਰਬੰਧਕ ਬਾਬਾ ਗੁੱਦੜ ਜੀ, ਪ੍ਰਧਾਨ ਕਿਰਪਾਲ ਸਿੰਘ, ਡਾਕਟਰ ਬਬਲਾ, ਬਾਬਾ ਚਮਕੌਰ ਸਿੰਘ, ਬਾਬਾ ਛੱਤਾ ਸਿੰਘ ਰਜਾਦਾ ਪੱਤੀ, ਭਾਈ ਹਰਪ੍ਰੀਤ ਸਿੰਘ ਮੈਂਬਰ, ਭਾਈ ਤਾਰਾ ਸਿੰਘ ਸਰਪੰਚ, ਭਾਈ ਗੁਰਜੰਟ ਸਿੰਘ ਚਕਰ, ਭਾਈ ਕੁਲਦੀਪ ਸਿੰਘ ਡੱਲਾ, ਭਾਈ ਹਰਕ੍ਰਿਸ਼ਨ ਸਿੰਘ ਕੋਠੇ ਜੀਵਾ, ਪ੍ਰਧਾਨ ਹਰਜਿੰਦਰ ਸਿੰਘ ਰੋਡੇ, ਭਾਈ ਕੇਵਲ ਸਿੰਘ, ਭਾਈ ਹਰਦੀਪ ਸਿੰਘ, ਭਾਈ ਅਵਤਾਰ ਸਿੰਘ, ਭਾਈ ਜਸਵੰਤ ਸਿੰਘ ਰਾਇਆ ਪੱਤੀ, ਭਾਈ ਹਰਜਿੰਦਰ ਸਿੰਘ ਸਰਪੰਚ, ਭਾਈ ਸੰਜੀਵ ਕੁਮਾਰ ਬਿੱਟੂ, ਭਾਈ ਮਹਿੰਦਰ ਸਿੰਘ, ਭਾਈ ਪ੍ਰੀਤਮ ਸਿੰਘ, ਭਾਈ ਕਾਕਾ ਸਿੰਘ, ਭਾਈ ਇਕਬਾਲ ਸਿੰਘ, ਭਾਈ ਅਜੈਬ ਸਿੰਘ ਸਮੇਤ ਲੱਕੀ, ਰਾਜਾ, ਗੁਰਮੀਤ, ਸ਼ਿੰਦਾ, ਪੱਪੂ, ਨਵਦੀਪ ਅਤੇ ਹੋਰ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਹਨਾਂ ਸਾਰੇ ਸਮਾਗਮਾਂ ਵਿੱਚ ਸਟੇਜ ਦੀ ਸੇਵਾ ਬਾਬਾ ਸਵਰਨਜੀਤ ਸਿੰਘ ਮੁਖੀ ਤਰਨਾ ਦਲ ਦੁਆਬਾ ਨੇ ਨਿਭਾਈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 40ਵਾਂ ਨਗਰ ਕੀਰਤਨ ਪਿੰਡ ਰੋਡੇ ਵਿਖੇ ਸਜਾਇਆ ਗਿਆ

# ਸ਼ਹੀਦਾਂ ਦੀ ਕੁਰਬਾਨੀ ਨੂੰ ਸ਼ਰਧਾਂਜਲੀ ਦੇਣ ਲਈ ਪਰਿਵਾਰ ਦਾ ਹਰੇਕ ਜੀਅ ਇਕ ਜਪੁਜੀ ਸਾਹਿਬ ਦਾ ਪਾਠ ਰੋਜ਼ ਕਰੇ










ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਾਹਿਬਜ਼ਾਦਿਆਂ ਦੀ ਸ਼ਹੀਦੀ 'ਤੇ ਵਿਸ਼ੇਸ਼

# ਸ਼ਹੀਦ ਕਿਸੇ ਵੀ ਕੌਮ ਦਾ ਅਨਮੋਲ ਸਰਮਾਇਆ ਹੁੰਦੇ ਹਨ



**ਸ਼ਹੀਦੋਂ ਕੀ ਕਤਲਗਾਹ ਸੇ ਕਿਆ ਬੇਹਤਰ ਕਾਬਾ ?**
**ਸ਼ਹੀਦੋਂ ਕੀ ਖ਼ਾਕ ਪੇ ਤੋ ਖ਼ੁਦਾ ਭੀ ਕੁਰਬਾਨ ਹੋਤਾ ਹੈ**

ਕਿਹਾ ਜਾਂਦਾ ਹੈ ਕਿ "ਜਦ ਡੁੱਲ੍ਹਦਾ ਖ਼ੂਨ ਸ਼ਹੀਦਾਂ ਦਾ, ਤਕਦੀਰ ਬਦਲਦੀ ਕੌਮਾਂ ਦੀ ।" ਸ਼ਹੀਦ ਕਿਸੇ ਵੀ ਕੌਮ ਦਾ ਅਨਮੋਲ ਸਰਮਾਇਆ ਹੁੰਦੇ ਹਨ । ਇਹ ਕਿਸੇ ਕੌਮ ਦੀ ਜਿਉਂਦੀ-ਜਾਗਦੀ ਜ਼ਮੀਰ ਦੀ ਅਵਾਜ਼ ਹੁੰਦੇ ਹਨ, ਵਿਰਸੇ ਦੀ ਧਰੋਹਰ ਹੁੰਦੇ ਹਨ, ਹੱਕ-ਸੱਚ ਦੀ ਲੜਾਈ ਦੀ ਲਟਾਲਟ ਬਲਦੀ ਮਸ਼ਾਲ ਹੁੰਦੇ ਹਨ, ਇਹ ਕੌਮ ਦੀਆ ਅਗਲੀਆਂ ਪੀੜ੍ਹੀਆਂ ਵਾਸਤੇ ਪ੍ਰੇਰਣਾ ਦਾ ਸੋਮਾ ਹੁੰਦੇ ਹਨ । ਜੋ ਕੋਮਾਂ ਆਪਣੇ ਵਿਰਸੇ ਨਾਲਜੁੜੀਆ ਰਹਿੰਦੀਆਂ ਹਨ, ਵਿਰਸੇ ਦੀ ਸੰਭਾਲ ਕਰਦੀਆਂ ਹਨ, ਉਹ ਕੌਮਾਂ ਹਮੇਸ਼ਾ ਜ਼ਿੰਦਾ ਰਹਿੰਦੀਆਂ ਹਨ ਤੇ ਰਹਿੰਦੀ ਦੁਨੀਆ ਤੱਕ, ਦੁਨੀਆਉਹਨਾਂ



**ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)**

ਦਾ ਸਿੱਕਾ ਮੰਨਦੀ ਹੈ । ਸਿੱਖ ਧਰਮ, ਧਰਮਾਂ ਦੀ ਦੁਨੀਆਂ ਵਿਚ ਇਕ ਅਜਿਹਾ ਧਰਮ ਹੈ ਜੋ ਉਮਰ ਚ ਬਾਕੀ ਸਭ ਧਰਮਾਂ ਨਾਲੋ ਬਹੁਤ ਨਿੱਕਾ ਹੈ। ਇਹ ਉਹਧਰਮ ਹੈ ਜੋ ਪੂਰੀ ਮਨੁੱਖਤਾ ਨੂੰ ਕਲਾਵੇ ਚ ਲੈਂਦਾ ਹੈ, ਸਰਬੱਤ ਦਾ ਭਲਾ ਲੋੜਦਾ ਹੈ , ਕੁਦਰਤ ਦੀ ਹਰ ਸ਼ੈਅ ਨੂੰ ਅਨਮੋਲ ਮੰਨਦਾ ਹੈ, ਮਨੁੱਖੀਅਧਿਕਾਰਾਂ ਦੀ ਵਜਾਹਤ ਕਰਦਾ ਹੈ ਤੇ ਕੁਦਰਤ ਦੀ ਰੱਖਿਆ ਦੀ ਹੋਕਾ ਦਿੰਦਾ ਹੈ ।

ਸਿੱਖ ਧਰਮ ਦਾ ਇਤਿਹਾਸ ਦੁਨੀਆ ਦੀਆਂ ਅਦੁੱਤੀ ਕੁਰਬਾਨੀਆ ਦਾ ਇਤਿਹਾਸ ਹੈ । ਵਿ ਸ਼ਵ ਦੀ ਪਹਿਲੀ ਸ਼ਹਾਦਤ ਪੰਜਵੇ ਗੁਰੂ ਅਰਜਨਦੇਵ ਜੀ ਦੀ ਮੰਨੀ ਜਾਂਦੀ ਹੈ । ਇਸ ਕਰਕੇ ਹੀ ਉਹਨਾਂ ਨੂੰ ਸ਼ਹੀਦਾ ਦੇ "ਸਿਰਤਾਜ" ਵੀ ਆਖਿਆ ਜਾਂਦਾ ਹੈ । ਨੌਵੇਂ ਗੁਰੂ ਸ੍ਰੀ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਅਣਗਿਣਤ ਸਿੱਖਾਂ ਨੇ ਸ਼ਹੀਦੀਆਂ ਦਿੱਤੀਆਂ, ਮੌਕੇ ਦੇ ਜਾਲਮ ਹਾਕਮਾਂ ਵਲੋ ਆਰਿਆਂ ਨਾਲ ਚੀਰੇ ਗਏ, ਦੇਗਾਂ ਵਿਚ ਉਬਾਲੇ ਗਏ, ਖੋਪੜੀਆ ਉਤਾਰੀਆਂ ਗਈਆਂ, ਚਰਖੜੀਆਂ 'ਤੇ ਚਾਹੜੇ ਗਏ, ਖੰਨਾ ਖੰਨਾ ਕੀਤੇ ਗਏ ਪਰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਤਸਵੀਰ ਜਦੋਂ ਵੀ ਅੱਖਾਂ ਸਾਹਮਣੇ ਆਉਂਦੀ ਹੈ ਤਾਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਦਸਮ ਪਾਤਸ਼ਾਹ ਸ੍ਰੀਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੇ ਆਪਣੇ ਧਰਮ ਦੀ ਰੱਖਿਆ ਲਈ ਲਾਸਾਨੀ ਸ਼ਹਾਦਤ ਦਿੱਤੀ ਜੋ ਸਿੱਖ ਇਤਿਹਾਸ ਦੇ ਹੀਨਹੀਂ ਬਲਕਿ ਪੂਰੇ ਵਿਸ਼ਵ ਦੇ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਨਾਲ ਲਿਖੀ ਗਈ ਹੈ । ਉਹਨਾਂ ਨੇ ਜਿਸ ਵੀਰਤਾ ਅਤੇ ਸੂਰਮਗਤੀਨਾਲ ਬਾਲੀ ਉਮਰੇ ਜਾਲਮ ਦੇ ਜ਼ੁਲਮ ਦਾ ਮੁਕਾਬਲਾ ਕੀਤਾ, ਉਸ ਦੀ ਮਿਸਾਲ ਪੂਰੀ ਦੁਨੀਆ ਵਿੱਚ ਨਹੀਂ ਮਿਲਦੀ।

ਸਿੱਖ ਜਗਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ 'ਸੱਚਾ ਪਾਤਸ਼ਾਹ' ਕਿਹਾ ਜਾਂਦਾ ਹੈ, ਇਸ ਕਰਕੇ ਉਨ੍ਹਾਂ ਦੇ ਚਾਰੇ ਸਪੁੱਤਰਾਂ ਨੂੰ ਆਦਰ ਵਜੋਂ "ਸਾਹਿਬਜ਼ਾਦਿਆਂ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ । ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ- ਦੋਵੇਂ ਇੱਕੋ ਦਿਨ ਸ਼ਹੀਦ ਹੋਏ, ਇਸ ਕਰਕੇ ਉਹਨਾਂ ਨੂੰ 'ਵੱਡੇ ਸਾਹਿਬਜ਼ਾਦੇ' ਆਖਿਆ ਜਾਂਦਾ ਹੈ । ਇਸੇ ਤਰ੍ਹਾਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ-ਦੋਹਾਂ ਨੂੰ ਇੱਕੋ ਦਿਨ ਸ਼ਹੀਦ ਕੀਤਾ ਗਿਆ ਸ੍ਰੀ ਇਸ ਲਈ ਉਹਨਾਂ ਨੂੰ 'ਛੋਟੇ ਸਾਹਿਬਜ਼ਾਦੇ' ਆਖਿਆ ਜਾਂਦਾ ਹੈ । ਚਾਰੇ ਸਾਹਿਬਜ਼ਾਦਿਆਂ ਨੇ ਬਾਲੀ ਉਮਰੇ ਵੱਡੇਸਾਕੇ ਨੂੰ ਅੰਜਾਮ ਦਿੱਤਾ, ਜਿਸ ਕਰਕੇ ਉਹਨਾ ਨੂੰ ਸਿੱਖ ਸੰਗਤ ਵੱਲੋਂ "ਬਾਬਾ" ਦਾ ਲਕਬ ਵੀ ਦਿੱਤਾ ਗਿਆ , ਜੋ ਉਹਨਾਂ ਦੇ ਨਾਮ ਦੇ ਸ਼ੁਰੂ ਵਿਚਬਹੁਤ ਹੀ ਸਤਿਕਾਰ ਨਾਲ ਲਗਾਇਆ ਜਾਂਦਾ ਹੈ । ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ ਨੂੰ ਮੁੱਖ ਰੱਖਦਿਆਂ ਉਹਨਾਂ ਦਾ ਨਾਮ ਅਰਦਾਸਵਿਚ ਵੀ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ।

ਈਸਾ ਦੇ ਜਨਮ ਤੇ ਨਵੇਂ ਈਸਵੀ ਸਾਲ ਦੀ ਸ਼ੁਰੂਆਤ ਕਾਰਨ ਹਰ ਸਾਲ ਦਸੰਬਰ ਦਾ ਮਹੀਨਾ ਜਿੱਥੇ ਇਸਾਈ ਮੱਤ ਨੂੰ ਮੰਨਣ ਵਾਲਿਆਂਵਾਸਤੇ ਖ਼ੁਸ਼ੀ ਤੇ ਹੁਲਾਸ ਵਾਲਾ ਹੁੰਦਾ ਤੇ ਇਸ ਪੂਰੇ ਮਹੀਨੇ ਨੂੰ ਈਸਾ ਮਸੀਹ ਦੇ ਜਨਮ ਦੇ ਜਸ਼ਨਾਂ ਵਜੋਂ ਕ੍ਰਿਸਮਿਸ ਦੇ ਰੂਪ ਵਿੱਚ ਮਨਾਇਆਜਾਂਦਾ ਹੈ ਉੱਥੇ ਸਿੱਖਾਂ ਵਾਸਤੇ ਇਹ ਮਹੀਨਾ ਮਾਤਮੀ ਸ਼ਹਾਦਤਾਂ ਨਾਲ ਭਰਪੂਰ ਹੈ । ਹਰ ਸਾਲ ਇਸ ਮਹੀਨੇ ਚਾਰ ਸਾਹਿਬਜ਼ਾਦਿਆਂ ਦੀਲਾਸਾਨੀ ਸ਼ਹਾਦਤ ਨੂੰ ਪੂਰਨ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਜਾਂਦਾ ਹੈ। ਦਸੰਬਰ, 2004 ਵਿਚ ਸਾਹਿਬਜ਼ਾਦਿਆਂ ਦੀ ਪਵਿੱਤਰ ਸ਼ਹੀਦੀਦੀ ਤੀਸਰੀ ਸ਼ਤਾਬਦੀ ਮਨਾਈ ਗਈ ਸੀ । ਇਤਿਹਾਸ ਗਵਾਹ ਹੈ ਕਿ ਦੋ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ 22 ਦਸੰਬਰ ਸੰਨ 1704 ਨੂੰਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਦੀ 27 ਦਸੰਬਰ ਸੰਨ 1704 ਨੂੰ ਹੋਈ ਸੀ । ਸ਼ੋ ਇਸ ਮਹੀਨੇ ਨੂੰ ਜਿਥੇ ਇਸਾਈ ਆਪਣੇ ਨਵੇ ਸਾਲ ਦੀਸ਼ੁਰੂਆਤ ਦੇ ਜਸ਼ਨਾ ਵਜੋਂ ਮਨਾਉਦੇ ਹਨ, ਉਥੇ ਸਿੱਖ ਚਾਰ ਸਾਹਬਜਾਦਿਆ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਾਦਰ ਪ੍ਰਨਾਮ ਕਰਨ ਕਰਕੇਆਪਣੀ ਸੱਚੀ ਸ਼ਰਧਾ ਤੇ ਅਕੀਦਤ ਦੇ ਫੁੱਲ ਭੇਂਟ ਕਰਦੇ ਹਨ । ਬੇਸ਼ੱਕ ਤਿੰਨ ਸਦੀਆਂ ਤੋ ਵੱਧ ਦਾ ਸਮਾਂ ਬੀਤ ਗਿਆ ਹੈ, ਪਰ ਹਰ ਸਾਲ ਲੱਖਾਂਸ਼ਰਧਾਲੂ ਸਾਹਿਬਜ਼ਾਦਿਆਂ ਦੀ ਪਵਿੱਤਰ ਯਾਦ ਵਿਚ ਸ਼ਹੀਦੀ ਜੋੜ-ਮੇਲੇ ਬਹੁਤ ਵੱਡੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਉਂਦੇ ਆ ਰਹੇ ਹਨ। ਸੰਗਤਾਂਲਹੂ-ਭਿੱਜੀਆਂ ਯਾਦਗਾਰਾਂ ਨੂੰ ਪ੍ਰਣਾਮ ਕਰਨ ਲਈ ਅਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸਖ਼ਤ ਸਰਦੀ ਵਿਚ ਚਮਕੌਰ ਸਾਹਿਬ ਤੇਫਤਹਿਗੜ੍ਹ ਸਾਹਿਬ ਪੁੱਜਦੀਆਂ ਹਨ। ਹਰ ਗੁਰੂ ਘਰ ਵਿਚ ਆਖੰਡ ਜਾਪ ਹੁੰਦੇ ਹਨ, ਦੀਵਾਨ ਲਗਦੇ ਹਨ, ਪਵਿੱਤਰ ਸਥਾਨਾਂ ਨੂੰ ਜਾਂਦੀਆਂਸਾਰੀਆਂ ਸੜਕਾਂ 'ਤੇ ਥਾਂ-ਥਾਂ ਲੰਗਰ ਲਗਾਏ ਜਾਂਦੇ ਹਨ । ਕਿਸੇ ਸ਼ਾਇਰ ਦੇ ਹੇਠ ਲਿਖੇ ਬੋਲਾਂ ਅਨੁਸਾਰ ਇਹ ਸਿਲਸਿਲਾ ਰਹਿੰਦੀ ਦੁਨੀਆਤਕ ਨਿਰੰਤਰ ਇਸੇ ਤਰਾਂ ਚੱਲਦਾ ਰਹੇਗਾ :

ਸ਼ਹੀਦੋਂ ਕੀ ਕਤਲਗਾਹ ਸੇ ਕਿਆ ਬੇਹਤਰ ਕਾਬਾ ?
ਸ਼ਹੀਦੋਂ ਕੀ ਖ਼ਾਕ ਪੇ ਤੋ ਖ਼ੁਦਾ ਭੀ ਕੁਰਬਾਨ ਹੋਤਾ ਹੈ।

ਸ਼ਾਹਬਜਾਦਿਆਂ ਦੀ ਸ਼ਹਾਦਤ ਨੂੰ ਸਾਦਰ ਪ੍ਰਨਾਮ ਕਰਦੇ ਹੋਏ ਇਸ ਮੌਕੇ 'ਤੇ ਸਾਨੂੰ ਸਭ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹਨਾ ਨਿੱਕੀਆਜਿੰਦਾਂ ਦੇ ਵੱਡੇ ਸਾਕੇ ਤੋ ਪਰੇਰਣਾ ਲੈ ਕੇ ਮਨੁੱਖਤਾ ਦੇ ਭਲੇ ਹਿਤ ਕਾਰਜ ਕਰੀਏ । ਮਨੁੱਖੀ ਹੱਕਾਂ ਦੀ ਰਾਖੀ ਵਾਸਤੇ ਕਮਰ ਕੱਸੇ ਕਰੀਏ । ਧਰਮਕਰਮ ਦੇ ਕਾਰਜਾਂ ਨੂੰ ਸਿਰਫ ਧਰਮ ਕਰਮ ਤੱਕ ਹੀ ਮਹਿਦੂਦ ਰੱਖੀਏ, ਗੁਰੂਦੁਆਰਿਆ ਚ ਧਰਮ ਦੇ ਨਾਮ 'ਤੇ ਸਿਆਸਤ ਦਾ ਗੰਦ ਪਾਉਣ ਤੋਬਾਜ ਆਈਏ । ਗੁਰੂਆ ਦੀਆਂ ਸਿਖਿਆਵਾਂ ਮੁਤਾਬਿਕ ਆਪਣੇ ਜੀਵਨ ਨੂੰ ਢਾਲੀਏ, ਸਾਦਾ ਜੀਵਨ, ਮਨ ਨੀਵਾ ਤੇ ਮਤ ਉਚੀ ਰੱਖੀਏ, ਹਰਇਕ ਦਾ ਬਿਨਾ ਕਿਸੇ ਭਿੰਨ ਭੇਦ ਦੇ ਤਹਿ ਦਿਲੋ ਸਤਿਕਾਰ ਕਰੀਏ । ਇਸ ਤਰਾ ਕਰਨਾ ਤੇ ਇਸ ਤਰਾਂ ਦੇ ਬਣਨਾ ਹੀ ਜਿਥੇ ਸਾਹਿਬਜਾਦਿਆਂ ਨੂੰਸੱਚੀ ਸ਼ਰਧਾਜਲੀ ਹੈ, ਉਥੇ ਗੁਰੂ ਸਾਹਿਬਾਨਾ ਦਾ ਤੇ ਉਹਨਾਂ ਦੀ ਬਾਣੀ ਦਾ ਸੱਚਾ ਅਦਬ ਤੇ ਸਤਿਕਾਰ ਵੀ ਹੈ ।

ਸਾਲ 2022 ਤੋਂ ਭਾਰਤ ਸਰਕਾਰ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਨਤਮਸਤਕ ਹੁੰਦਿਆਂ, ਹਰ ਸਾਲ 26 ਦਸੰਬਰ ਨੂੰ "ਬੀਰ ਬਾਲਦਿਵਸ" ਵਜੋਂ ਪੂਰੇ ਮੁਲਕ ਵਿੱਚ ਮਨਾਉਣ ਦਾ ਐਲਾਨ ਕੀਤਾ ਹੈ ਜੋ ਕਿ ਸਰਕਾਰ ਦਾ ਇਕ ਬਹੁਤ ਚੰਗਾ ਤੇ ਸ਼ਲਾਘਾਯੋਗ ਉੱਦਮ ਹੈ ਜਿਸ ਦਾਭਰਪੂਰ ਸਵਾਗਤ ਕੀਤਾ ਜਾਣਾ ਬਣਦਾ ਹੈ।

ਕਿੰਨਾ ਚੰਗਾ ਹੋਵੇ ਜੇਕਰ ਅਸੀਂ ਸਾਰੇ ਇਸ ਪੁਰਬ 'ਤੇ ਸਾਹਿਬਜਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਆਪਣੀ ਸੱਚੀ ਸ਼ਰਧਾ ਦੱ ਫੁੱਲ ਭੇਂਟ ਕਰਨ ਲਈ ਆਪਣੇ ਵਿਰਸੇ ਉੱਤੇ ਝਾਤ ਮਾਰੀਏ, ਅਗਲੀਆਂ ਪੀੜ੍ਹੀਆਂ ਨੂੰ ਵਿਰਸੇ ਨਾਲ ਜੋੜੀਏ ਤੇ ਖੁਦ ਆਪ, ਆਪਣੇ ਗੁਰੂਆਂ ਤੇ ਮਹਾਂਪੁਰਖਾਂ ਦੇ ਸੰਦੇਸ਼ਾਂ ਨੂੰ ਅਮਲੀ ਜਾਮਾ ਪਹਿਨਾਈਏ। ਮੇਰੀ ਜਾਚੇ ਅੱਜ ਦੇ ਸਮੇਂ ਵਿਚ ਇਸ ਤਰਾਂ ਕਰਨ ਨਾਲ ਹੀ ਇਹਨਾਂ ਮਹਾਨ ਪੁਰਬਾਂ ਦੀ ਸਾਰਥਿਕਤਾ ਬਣੀ ਰਹਿ ਸਕਦੀ ਹੈ ਤੇ ਤੇ ਇਸ ਪ੍ਰਵਾਹ ਨੂੰ ਨਿਰੰਤਰ ਅਗਲੀਆਂ ਪੀੜ੍ਹੀਆਂ ਤੱਕ ਪੀੜ੍ਹੀ ਦਰ ਪੀੜ੍ਹੀ ਜਾਰੀ ਰੱਖਿਆ ਜਾ ਸਕਦਾ ਹੈ। ••

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## 'ਆਪ੍ਰੇਸ਼ਨ ਸਿੰਧੂਰ' ਦੌਰਾਨ ਫੌਜ ਦੀ ਸੇਵਾ ਕਰਨ ਵਾਲੇ ਸਿੱਖ ਬੱਚੇ ਨੂੰ ਬਾਲ ਰਾਸ਼ਟਰੀ ਪੁਰਸਕਾਰ ਨਾਲ ਕੀਤਾ ਜਾਵੇਗਾ ਸਨਮਾਨਿਤ



**ਨਵੀਂ ਦਿੱਲੀ, 25 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਮਈ 2025 ਨੂੰ ਭਾਰਤ ਅਤੇ ਪਾਕਿਸਤਾਨ ਵਿਚਾਲੇ ਪੈਦਾ ਹੋਏ ਜੰਗੀ ਤਣਾਅ ਦੌਰਾਨ ਸਰਹੱਦੀ ਖੇਤਰ ਮਮਦੋਟ ਦੇ ਪਿੰਡ ਤਰਾਂ ਵਾਲੀ ਵਿਖੇ ਫੌਜ ਨੇ ਖੇਤਾਂ ਵਿੱਚ ਆਪਣਾ ਟਿਕਾਣਾ ਬਣਾਇਆ ਹੋਇਆ ਸੀ, ਜਿਸ ਦੌਰਾਨ 10 ਸਾਲਾ ਬੱਚਾ ਸ਼ਰਵਨ ਸਿੰਘ ਦਿਨ ਰਾਤ ਫੌਜ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਡਟਿਆ ਰਿਹਾ। ਘਰ ਦੇ ਨੇੜੇ ਫੌਜ ਦਾ ਟਿਕਾਣਾ ਹੋਣ ਕਰਕੇ ਦਿਨ ਰਾਤ ਉਹ ਚਾਹ ਪਾਣੀ ਲੱਸੀ ਅਤੇ ਬਰਫ ਤੋਂ ਇਲਾਵਾ ਘਰ ਦੀਆਂ ਪੈਦਾ ਕੀਤੀਆਂ ਹੋਈਆਂ ਸਬਜ਼ੀਆਂ ਆਦੀ ਫੌਜ ਦੀ ਸੇਵਾ ਵਿੱਚ ਲਿਜਾਂਦਾ ਰਿਹਾ। ਗਰਮੀ ਦੇ ਦਿਨਾਂ ਵਿੱਚ ਫੌਜ ਨੇ ਉਸ ਦੀ ਸੇਵਾ ਭਾਵ ਅਤੇ ਮਿਲਵਰਤਨ ਦੇਖ ਕੇ ਉਸਨੂੰ ਬਹਾਦਰ ਬੱਚਿਆਂ ਲਈ ਇੱਕ ਉਦਾਹਰਨ ਦੇ ਤੌਰ 'ਤੇ ਸਨਮਾਨ ਵੀ ਕੀਤਾ। ਉਸ ਤੋਂ ਬਾਅਦ ਘਰ ਦੀ ਸਥਿਤੀ ਨੂੰ ਵੇਖਦਿਆਂ ਫੌਜ ਦੇ ਆਲ੍ਹਾ ਅਧਿਕਾਰੀਆਂ ਨੇ ਬੱਚੇ ਨੂੰ ਗੋਦ ਲੈ ਕੇ ਸਰਕਾਰੀ ਸਕੂਲ ਪੜਨ ਦੀ ਬਜਾਏ ਕਿਸੇ ਸ਼ਹਿਰੀ ਸਕੂਲ ਵਿੱਚ ਪੜਨ ਦੀ ਸਿਫਾਰਸ਼ ਵੀ ਕੀਤੀ ਅਤੇ ਮੰਦੋੜ ਦੇ ਨਿੱਜੀ ਸਕੂਲ ਵਿੱਚ ਉਸ ਦਾ ਦਾਖਲਾ ਕਰਵਾਇਆ ਦਿੱਤਾ। ਜਦੋਂ ਖਬਰ ਮੀਡੀਆ ਤੱਕ ਪਹੁੰਚੀ ਤਾਂ ਉਸ ਦੇ ਜਜ਼ਬੇ ਨੂੰ ਦੇਖ ਕੇ ਫੌਜ ਦੇ ਆਹਲਾ ਅਧਿਕਾਰੀਆਂ ਨੇ ਉਸ ਦਾ ਨਾਮ 26 ਦਸੰਬਰ ਨੂੰ ਹੋਣ ਵਾਲੇ ਬਾਲ ਰਾਸ਼ਟਰੀ ਦਿਵਸ ਮੌਕੇ ਪੁਰਸਕਾਰ ਲਈ ਚੋਣ ਕੀਤੀ, ਜਿਸ ਨੂੰ ਅੱਜ ਸਵੇਰੇ ਜਿਲਾ ਪ੍ਰਸ਼ਾਸਨ ਅਤੇ ਫੌਜ ਦੇ ਅਧਿਕਾਰੀਆਂ ਵੱਲੋਂ ਵਿਸ਼ੇਸ਼ ਗੱਡੀ ਰਾਹੀਂ ਅੰਮ੍ਰਿਤਸਰ ਏਅਰਪੋਰਟ 'ਤੇ ਲਿਜਾਇਆ ਗਿਆ ਤੇ ਉਸ ਤੋਂ ਬਾਅਦ ਦਿੱਲੀ ਲਈ ਰਵਾਨਾ ਹੋ ਜਾਣਗੇ। ਘਰ ਵਿੱਚ ਬੈਠੀ ਮਾਂ ਵੀ ਅੱਜ ਖੁਸ਼ੀ ਦੇ ਭੁੱਲੇ ਨਹੀਂ ਸਮਾ ਰਹੀ। ਉਸ ਨੇ ਦੱਸਿਆ ਕਿ ਇਹ ਇਕ ਪੰਜਾਬ ਵਿੱਚ ਸਾਡਾ ਪਹਿਲਾ ਬੱਚਾ ਬਾਲ ਪੁਰਸਕਾਰ ਲਈ ਚੁਣਿਆ ਗਿਆ ਹੈ ਅਤੇ ਸਾਡੇ ਲਈ ਫਖਰ ਵਾਲੀ ਗੱਲ ਹੈ। ਬੱਚੇ ਦੀ ਸੇਵਾ ਭਾਵ ਅਤੇ ਜਜ਼ਬੇ ਨੇ ਉਹਨਾਂ ਦਾ ਅੱਜ ਕੱਦ ਕਾਠ ਹੋਰ ਉੱਚਾ ਕੀਤਾ ਹੈ। ਮਾਸੂਮ ਬੱਚੇ ਸ਼ਰਮਨ ਦੀ ਤਾਈ ਅਤੇ ਵੱਡੀ ਭੈਣ ਤੋਂ ਇਲਾਵਾ ਦਾਦੇ ਨੇ ਵੀ ਖੁਸ਼ੀ ਜਾਹਰ ਕਰਦਿਆਂ ਫੌਜ ਦੇ ਆਹਲਾ ਅਧਿਕਾਰੀਆਂ ਦਾ ਧੰਨਵਾਦ ਕੀਤਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

## ਹਾਕੀ ਖਿਡਾਰੀ ਹਾਰਦਿਕ ਸਿੰਘ ਨੂੰ ਮਿਲੇਗਾ ਖੇਲ ਰਤਨ ਐਵਾਰਡ ਦਿਵਿਆ ਦੇਸ਼ਮੁਖ ਸਮੇਤ 24 ਖਿਡਾਰੀਆਂ ਨੂੰ 'ਅਰਜੁਨ ਐਵਾਰਡ'




**ਨਵੀਂ ਦਿੱਲੀ, 25 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਹਾਕੀ ਟੀਮ ਦੇ ਉਪ-ਕਪਤਾਨ ਹਾਰਦਿਕ ਸਿੰਘ ਨੂੰ 2025 ਦਾ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਮਿਲੇਗਾ। ਹਾਰਦਿਕ ਇਕਲੌਤੇ ਖਿਡਾਰੀ ਹਨ ,ਜਿਨ੍ਹਾਂ ਦੇ ਨਾਮ ਲਈ ਚੋਣ ਕਮੇਟੀ ਨੇ ਸਿਫ਼ਾਰਸ਼ ਕੀਤੀ ਹੈ। 27 ਸਾਲਾ ਹਾਰਦਿਕ ਸਿੰਘ ਟੋਕੀਓ ਓਲੰਪਿਕ 2021 ਅਤੇ ਪੈਰਿਸ ਓਲੰਪਿਕ 2024 ਵਿੱਚ ਤਮਗਾ ਜਿੱਤਣ ਵਾਲੀ ਭਾਰਤੀ ਟੀਮ ਦਾ ਅਹਿਮ ਹਿੱਸਾ ਰਹੇ ਹਨ। ਉਨ੍ਹਾਂ ਨੇ ਇਸ ਸਾਲ ਹੋਏ ਏਸ਼ੀਆ ਕੱਪ ਵਿੱਚ ਭਾਰਤ ਨੂੰ ਸੋਨ ਤਮਗਾ ਦਿਵਾਉਣ ਵਿੱਚ ਵੀ ਮੁੱਖ ਭੂਮਿਕਾ ਨਿਭਾਈ ਸੀ ਬੁੱਧਵਾਰ ਨੂੰ ਹੋਈ ਚੋਣ ਕਮੇਟੀ ਦੀ ਬੈਠਕ ਵਿੱਚ 'ਅਰਜੁਨ ਐਵਾਰਡ' ਲਈ ਨਾਵਾਂ ਦੀ ਸਿਫ਼ਾਰਸ਼ ਕੀਤੀ ਗਈ। ਇਸ ਕਮੇਟੀ ਵਿੱਚ ਭਾਰਤੀ ਓਲੰਪਿਕ ਸੰਘ (9®1) ਦੇ ਉਪ-ਪ੍ਰਧਾਨ ਗਗਨ ਨਾਰੰਗ, ਸਾਬਕਾ ਬੈਡਮਿੰਟਨ ਖਿਡਾਰੀ ਅਪਰਨਾ ਪੋਪਟ ਅਤੇ ਸਾਬਕਾ ਹਾਕੀ ਖਿਡਾਰੀ ਐਮ.ਐਮ. ਸੋਮਈਆ ਸ਼ਾਮਲ ਸਨ। ਕਮੇਟੀ ਨੇ ਸ਼ਤਰੰਜ ਖਿਡਾਰੀ ਦਿਵਿਆ ਦੇਸ਼ਮੁਖ ਅਤੇ ਡੇਕੈਥਲੋਨ ਐਥਲੀਟ ਤੇਜਸਵਿਨ ਸ਼ੰਕਰ ਸਮੇਤ 24 ਐਥਲੀਟਾਂ ਦੀ ਅਰਜੁਨ ਪੁਰਸਕਾਰ ਲਈ ਚੋਣ ਕੀਤੀ। ਇਸ ਵਾਰ ਖੇਡ ਪੁਰਸਕਾਰਾਂ ਦੀ ਸੂਚੀ ਵਿੱਚ ਕੋਈ ਵੀ ਕ੍ਰਿਕਟਰ ਸ਼ਾਮਲ ਨਹੀਂ ਹੈ। ਸਿਰਫ਼ ਕਮੇਟੀ ਦੁਆਰਾ ਸਿਫ਼ਾਰਸ਼ ਕੀਤੇ ਗਏ ਐਥਲੀਟਾਂ ਨੂੰ ਹੀ ਪੁਰਸਕਾਰ ਦਿੱਤੇ ਜਾਂਦੇ ਹਨ। ਹਾਲਾਂਕਿ, ਅੰਤਿਮ ਫੈਸਲਾ ਸਰਕਾਰ ਅਤੇ ਖੇਡ ਮੰਤਰਾਲੇ ਕੋਲ ਹੈ। ਜੇਕਰ ਉਹ ਜ਼ਰੂਰੀ ਸਮਝਦੇ ਹਨ ਤਾਂ ਉਹ ਸੂਚੀ ਵਿੱਚੋਂ ਨਾਮ ਜੋੜ ਸਕਦੇ ਹਨ ਜਾਂ ਹਟਾ ਸਕਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

## ਅੰਮ੍ਰਿਤਸਰ 'ਚ ਵੱਡੀ ਵਾਰਦਾਤ, ਪਿਓ ਵੱਲੋਂ ਕੁੜੀ ਦਾ ਬੇਰਹਿਮੀ ਨਾਲ ਕਤਲ, ਖ਼ੂਨ ਨਾਲ ਲਥਪਥ ਮਿਲੀ ਲਾਸ਼

**ਅੰਮ੍ਰਿਤਸਰ, 25 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਦੇ ਕੋਟ ਖਾਲਸਾ ਇਲਾਕੇ ਅਧੀਨ ਆਉਂਦੇ ਇੱਕ ਮੁਹੱਲੇ ਵਿੱਚ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ 15-16 ਸਾਲ ਦੀ ਨਾਬਾਲਿਗ ਕੁੜੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਅਤੇ ਫੋਰੈਂਸਿਕ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ। ਪੁਲਸ ਮੁਤਾਬਕ ਸਵੇਰੇ ਜਾਣਕਾਰੀ ਮਿਲੀ ਸੀ ਕਿ ਘਰ ਅੰਦਰ ਇੱਕ ਨਾਬਾਲਿਗ ਕੁੜੀ ਦੀ ਲਾਸ਼ ਪਈ ਹੈ। ਮੌਕੇ 'ਤੇ ਪਹੁੰਚ ਕੇ ਜਾਂਚ ਦੌਰਾਨ ਖੁਲਾਸਾ ਹੋਇਆ ਕਿ ਕੁੜੀ ਦਾ ਕਤਲ ਉਸਦੇ ਸੌਤੇਲੇ ਪਿਓ ਸੋਨੂੰ ਵੱਲੋਂ ਕੀਤਾ ਗਿਆ ਹੈ। ਪੁਲਸ ਅਨੁਸਾਰ ਮੁਲਜ਼ਮ ਸੋਨੂੰ ਕੁੜੀ ਉੱਤੇ ਮਾੜੀ ਨਿਗਾਹ ਰੱਖਣ ਲੱਗ ਪਿਆ ਸੀ, ਜਿਸ ਕਾਰਨ ਘਰ ਵਿੱਚ ਅਕਸਰ ਝਗੜੇ ਅਤੇ ਤਕਰਾਰ ਰਹਿੰਦੀ ਸੀ। ਘਟਨਾ ਵਾਲੇ ਦਿਨ ਕੁੜੀ ਦੀ ਮਾਂ ਅਨੀਤਾ ਹੋਰ ਬੱਚਿਆਂ ਦੇ ਨਾਲ ਕੰਮ 'ਤੇ ਗਈ ਹੋਈ ਸੀ। ਜਦੋਂ ਉਹ ਵਾਪਸ ਘਰ ਆਈ ਤਾਂ ਉਸਨੇ ਅੰਦਰ ਕੁੜੀ ਦੀ ਖ਼ੂਨ ਨਾਲ ਲਥਪਥ ਲਾਸ਼ ਪਈ ਦੇਖੀ, ਜਿਸ ਤੋਂ ਬਾਅਦ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਨੇ ਲੱਕੜੀ ਨਾਲ ਕੁੜੀ ਦੇ ਸਿਰ 'ਤੇ ਵਾਰ ਕਰਕੇ ਉਸਦਾ ਕਤਲ ਕੀਤਾ ਹੈ। ਪੁਲਸ ਵੱਲੋਂ ਵਰਤੀ ਗਈ ਲੱਕੜੀ ਨੂੰ ਮੌਕੇ ਤੋਂ ਬਰਾਮਦ ਕਰ ਲਿਆ ਗਿਆ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਐਸਪੀ ਵਿਸ਼ਾਲਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ ਅਤੇ ਮੁਲਜ਼ਮ ਸੌਤੇਲੇ ਪਿਓ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।